## ਮਿਤੀ 19.07.2016 ਨੂੰ ਮਾਨਯੋਗ ਸ਼੍ਰੀ ਚੁਨੀ ਲਾਲ ਭਗਤ, ਕਿਰਤ ਮੰਤਰੀ-ਕਮ-ਚੈਅਰਮੈਨ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 21ਵੀਂ ਮੀਟਿੰਗ ਦੀ ਕਾਰਵਾਈ ਰਿਪੋਟ।

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 21ਵੀਂ ਮੀਟਿੰਗ ਬੋਰਡ ਦੇ ਚੈਅਰਮੈਨ ਸ਼੍ਰੀ ਚੁਨੀ ਲਾਲ ਭਗਤ ਜੀ ਦੀ ਪ੍ਰਧਾਨਗੀ ਹੇਠ ਮਿਤੀ 19.07.2016 ਨੂੰ ਸਮਾਂ 12.30 ਵਜੇ (ਬਾਅਦ ਦੁਪਹਿਰ) ਪੰਜਾਬ ਭਵਨ, ਸੈਕਟਰ-3, ਚੰਡੀਗੜ੍ਹ ਵਿਖੇ ਹੋਈ। ਮੀਟਿੰਗ ਵਿੱਚ ਉਪਸਥਿਤ ਮੈਂਬਰਾਂ/ਪ੍ਰਤੀਨਿਧਾਂ ਦੇ ਨਾਮ **ਅਨੁਲੱਗ 'ੳ'** ਵਿੱਚ ਦਰਜ ਕੀਤੇ ਗਏ ਹਨ।

ਮੀਟਿੰਗ ਦੇ ਆਰੰਭ ਵਿੱਚ ਸ਼੍ਰੀ ਤੇਜਿੰਦਰ ਸਿੰਘ ਧਾਲੀਵਾਲ, ਆਈ.ਏ.ਐਸ. ਕਿਰਤ ਕਮਿਸ਼ਨਰ ਪੰਜਾਬ-ਕਮ-ਸਕੱਤਰ ਬੋਰਡ ਜ਼ੋ ਕਿ ਬੋਰਡ ਦੇ ਮੈਂਬਰ ਸਕੱਤਰ ਹਨ, ਵੱਲੋ ਮਾਨਯੋਗ ਕਿਰਤ ਮੰਤਰੀ-ਕਮ-ਚੈਅਰਮੈਨ ਬੋਰਡ, ਸ਼੍ਰੀ ਰੋਸ਼ਨ ਸੁੰਕਾਰੀਆ, ਆਈ.ਏ.ਐਸ., ਪ੍ਰਮੁੱਖ ਸਕੱਤਰ ਕਿਰਤ ਅਤੇ ਮੀਟਿੰਗ ਵਿੱਚ ਉਪਸੱਥਿਤ ਮੈਂਬਰ ਸਾਹਿਬਾਨ ਨੂੰ **'ਜੀ ਆਇਆ'** ਆਖਿਆ ਗਿਆ। ਉਨ੍ਹਾਂ ਵੱਲੋ ਦੱਸਿਆ ਗਿਆ ਕਿ ਸਰਕਾਰ ਵੱਲੋ ਅਧਿਸੂਚਨਾ ਮਿਤੀ 30.06.2016 ਜ਼ੋ ਕਿ ਮਿਤੀ 1.07.2016 ਨੂੰ ਸਰਕਾਰੀ ਗੱਜਟ ਵਿੱਚ ਪ੍ਰਕਾਸ਼ਿਤ ਹੋਈ, ਰਾਹੀਂ ਬੋਰਡ ਦਾ ਪੁਨਰਗਠਨ ਕਰ ਦਿੱਤਾ ਗਿਆ ਹੈ, ਜਿਸ ਅਨੁਸਾਰ ਨਵੇਂ ਬੋਰਡ ਦੀ ਇਹ ਪਹਿਲੀ ਮੀਟਿੰਗ ਹੈ।ਮੈਂਬਰ ਸਕੱਤਰ ਵੱਲੋ ਬੇਨਤੀ ਕਰਨ ਤੇ ਮੀਟਿੰਗ ਵਿੱਚ ਉਪਸਥਿਤ ਸਾਰੇ ਮੈਂਬਰ ਸਾਹਿਬਾਨ ਵੱਲੋ ਅਪਣੀ ਅਪਣੀ ਬਾਈ-ਨੇਮ ਜਾਣ ਪਹਿਚਾਣ ਕਰਵਾਈ ਗਈ। ਇਸ ਉਪਰੰਤ ਮਾਨਯੋਗ ਚੈਅਰਮੇਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਆਰੰਭ ਹੋਈ।

ਮੈਂਬਰ ਸਕੱਤਰ ਵੱਲੋ ਮੀਟਿੰਗ ਦੇ ਵੱਖ-ਵੱਖ ਅਜੰਡਿਆਂ ਬਾਰੇ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿੱਤੀ ਗਈ, ਜਿਨ੍ਹਾਂ ਬਾਰੇ ਬੋਰਡ ਵੱਲੋ ਵਿਚਾਰ ਵਟਾਂਦਰਾਂ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਆਈਟਮ ਨੰ:1 ਬੋਰਡ ਦੀ 20ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ।**

ਮੈਂਬਰ ਸਕੱਤਰ ਵੱਲੋ ਦੱਸਿਆ ਗਿਆ ਕਿ ਬੋਰਡ ਦੀ ਮਿਤੀ 16.02.2016 ਨੂੰ ਹੋਈ 20ਵੀਂ ਮੀਟਿੰਗ ਦੀ ਕਾਰਵਾਈ ਰਿਪੋਟ ਸਮੂਹ ਮੈਂਬਰ ਸਾਹਿਬਾਨ ਨੂੰ ਪੱਤਰ ਨੰ: ਬਕਵਵਬ/ਮੀਟਿੰਗ/2015-16/1907-1916, ਮਿਤੀ 10.03.2016 ਰਾਹੀਂ ਭੇਜ਼ ਦਿੱਤੀ ਗਈ ਸੀ ਜਿਸ ਬਾਰੇ ਕਿਸੇ ਮੈਂਬਰ ਪਾਸੋ ਕੋਈ ਇਤਰਾਜ਼ ਪ੍ਰਾਪਤ ਨਹੀਂ ਹੋਇਆ। ਇਸ ਅਨੁਸਾਰ ਬੋਰਡ ਵੱਲੋ 20ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਆਈਟਮ ਨੰ: 2 ਬੋਰਡ ਦੀ 20ਵੀਂ ਮੀਟਿੰਗ ਵਿੱਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ।**

ਮੈਂਬਰ ਸਕੱਤਰ ਵੱਲੋ 20ਵੀਂ ਮੀਟਿੰਗ ਸਬੰਧੀ ਆਈਟਮ ਵਾਈਜ਼ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿੱਚ ਮੈਂਬਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਮੈਂਬਰ ਸਾਹਿਬਾਨ ਵੱਲੋ ਵਿਚਾਰ ਵਟਾਂਦਰਾਂ ਕਰਨ ਉਪਰੰਤ ਇਸ ਆਈਟਮ ਵਿੱਚ ਦਰਜ ਮੱਦਾਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਲਿਖੇ ਅਨੁਸਾਰ ਮੁੜ ਫੈਸਲੇ ਲਏ ਗਏ :-

**12ਵੀਂ ਮੀਟਿੰਗ ਅਜੰਡਾ ਆਈਟਮ ਨੰ:8** **ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋ 12ਵੀਂ ਤੱਕ ਪੜ੍ਹਾਈ ਦੌਰਾਨ ਸਾਈਕਲ ਦੀ ਖਰੀਦ ਲਈ ਸਾਈਕਲ ਸਕੀਮ।**

ਮੈਂਬਰ ਸਕੱਤਰ ਵੱਲੋ ਦੱਸਿਆ ਗਿਆ ਕਿ ਬੋਰਡ ਦੀ ਸਾਈਕਲ ਸਕੀਮ ਅਧੀਨ ਪਹਿਲਾਂ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋ 12ਵੀਂ ਤੱਕ ਪੜ੍ਹਾਈ ਦੌਰਾਨ ਮੁਫ਼ਤ ਸਾਈਕਲ ਦੇਣ ਦਾ ਪ੍ਰਾਵਧਾਨ ਸੀ, ਲੇਕਿਨ ਮਿਤੀ 16.02.2016 ਨੂੰ ਬੋਰਡ ਦੀ ਹੋਈ 20ਵੀਂ ਮੀਟਿੰਗ ਵਿੱਚ ਲਾਭਪਾਤਰੀ ਕਿਰਤੀ ਨੂੰ ਅਪਣੇ ਖੁਦ ਇਸਤੇਮਾਲ ਲਈ ਵੀ ਮੁਫ਼ਤ ਸਾਈਕਲ ਦੇਣ ਦਾ ਫੈਸਲਾ ਲਿਆ ਗਿਆ ਸੀ।ਇਸ ਫੈਸਲੇ ਅਨੁਸਾਰ ਸਾਈਕਲਾਂ ਦੀ ਖਰੀਦ ਕਰਨ ਲਈ ਕੰਟਰੋਲਰ ਆਫ਼ ਸਟੋਰਜ਼ ਪੰਜਾਬ ਰਾਹੀਂ ਟੈਂਡਰ ਦੇ ਅਧਾਰ ਤੇ ਮੈਸ: ਕੋਹੀਨੂਰ ਸਾਈਕਲਜ਼ ਪ੍ਰਾਈਵੇਟ ਲਿਮ: ਲੁਧਿਆਣਾ ਦਾ ਦਰ ਠੇਕਾ ਪਾਸ ਹੋਇਆ ਹੈ ਜ਼ੋ ਕਿ ਮਿਤੀ 20.04.2016 ਤੋ

19.04.2017 ਤੱਕ ਚਾਲੂ ਰਹੇਗਾ।ਮੈਂਬਰ ਸਕੱਤਰ ਵੱਲੋ ਇਹ ਵੀ ਦੱਸਿਆ ਗਿਆ ਕਿ ਇਸ ਸਕੀਮ ਅਧੀਨ ਲਾਭਪਾਤਰੀ ਕਿਰਤੀਆਂ ਦੇ ਬੱਚਿਆਂ ਅਤੇ ਲਾਭਪਾਤਰੀਆਂ ਦੇ ਖੁਦ ਇਸਤੇਮਾਲ ਲਈ ਖੇਤਰੀ ਅਧਿਕਾਰੀਆਂ ਪਾਸੋ ਪ੍ਰਾਪਤ ਮੰਗ ਅਨੁਸਾਰ ਸਾਈਕਲਾਂ ਦੀ ਸਪਲਾਈ ਕਰਨ ਲਈ ਬੋਰਡ ਵੱਲੋ ਸਪਲਾਈ ਆਡਰ ਜਾਰੀ ਕੀਤੇ ਜਾਂਦੇ ਹਨ ਅਤੇ ਕੰਪਨੀ ਪਾਸੋ ਸਾਈਕਲ ਪ੍ਰਾਪਤ ਹੋਣ ਤੇ eligible ਲਾਭਪਾਤਰੀਆਂ ਨੂੰ ਮੁਫ਼ਤ ਸਾਈਕਲ ਵੰਡੇ ਜਾ ਰਹੇ ਹਨ।ਬੋਰਡ ਵੱਲੋ ਇਸ ਨਾਲ ਸੰਤੁਸ਼ਟੀ ਪ੍ਰਗਟ ਕੀਤੀ ਗਈ।

**19ਵੀਂ ਮੀਟਿੰਗ ਅਜੰਡਾ ਆਈਟਮ ਨੰ:6** — **ਪੰਜਾਬ ਬਿਲਡਿੰਗ ਐਂਡ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਭਗਤ ਪੂਰਣ ਸਿੰਘ ਸਿਹਤ ਬੀਮਾ ਚਾਲੂ ਕਰਨ ਬਾਰੇ।**

ਮੈਂਬਰ ਸਕੱਤਰ ਵੱਲੋ ਬੋਰਡ ਨੂੰ ਜਾਣੂ ਕਾਰਵਾਇਆ ਗਿਆ ਕਿ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਬੋਰਡ ਵਲੋਂ ਕੁੱਲ 2,08,056 ਲਾਈਵ ਲਾਭਪਾਤਰੀਆਂ ਵਿਚੋ ਮੈਸ: ਯੂਨਾਈਟਡ ਇੰਡੀਆ ਇਨਸੁਅਰੈਂਸ ਕੰਪਨੀ ਨੂੰ ਕੁੱਲ 1,32,767 ਲਾਭਪਾਤਰੀਆਂ ਦਾ ਡਾਟਾ ਸਮੇਤ ਆਧਾਰ ਕਾਰਡ ਨੰਬਰ ਭੇਜਿਆ ਗਿਆ ਸੀ ਅਤੇ ਬਾਕੀ ਰਹਿੰਦੇ 75,289 ਲਾਭਪਾਤਰੀਆਂ ਦਾ ਡਾਟਾ ਅਗਲੇ ਤਿੰਨ ਮਹੀਨਿਆਂ ਵਿਚ ਭੇਜਿਆ ਜਾਣਾ ਹੈ। ਇੰਸੋਰੈਂਸ ਕੰਪਨੀ ਨੂੰ ਕੁੱਲ ਭੇਜੇ 1,32,767 ਲਾਭਪਾਤਰੀਆਂ ਦੇ ਡਾਟਾ ਵਿਚੋਂ ਪੰਜਾਬ ਸਰਕਾਰ ਦੀ ਬਲਿਊ ਕਾਰਡ (blue card) ਸਕੀਮ ਅਧੀਨ 76,653 ਲਾਭਪਾਤਰੀਆਂ ਨੂੰ ਹੈਲਥ ਵਿਭਾਗ ਵਲੋਂ ਪਹਿਲਾਂ ਹੀ ਸਮਾਰਟ ਕਾਰਡ ਦਿਤੇ ਜਾ ਚੁੱਕੇ ਹਨ । ਇੰਸੋਰੈਂਸ ਕੰਪਨੀ ਵਲੋਂ 19,158 ਲਾਭਪਾਤਰੀਆਂ ਦੇ ਸਮਾਰਟ ਕਾਰਡਾਂ ਦੀ ਪ੍ਰੀ-ਪ੍ਰਿੰਟਿੰਗ ਕਰਕੇ ਬੋਰਡ ਪਾਸ ਪ੍ਰਾਪਤ ਹੋਏ ਹਨ ਜਿਨ੍ਹਾਂ ਵਿਚੋਂ ਬੋਰਡ ਵਲੋਂ 10,729 ਕਾਰਡ ਵੰਡੇ ਜਾ ਚੁੱਕੇ ਹਨ ਅਤੇ ਬਾਕੀ ਦੇ 7,634 ਕਾਰਡ ਵੰਡੇ ਜਾ ਰਹੇ ਹਨ ਅਤੇ ਬਾਕੀ 39,077 ਲਾਭਪਾਤਰੀਆਂ ਦਾ ਡਾਟਾ ਫੂਡ ਸਪਲਾਈ ਵਿਭਾਗ/ਐਲ.ਆਈ.ਸੀ./ ਟੀ.ਪੀ.ਏ ਪਾਸ ਪੈਂਡਿੰਗ ਹੈ, ਜਿਨ੍ਹਾਂ ਦੇ ਕਾਰਡਾਂ ਦੀ ਪ੍ਰੀ-ਪ੍ਰਿੰਟਿੰਗ ਅਜੇ ਹੋਣੀ ਰਹਿੰਦੀ ਹੈ।ਇਸ ਤੋਂ ਇਲਾਵਾ ਹੈਲਥ ਵਿਭਾਗ ਦੇ ਅਧਿਕਾਰੀਆਂ ਨਾਲ ਮਿਤੀ 30.6.2016 ਨੂੰ ਹੋਈ ਮੀਟਿੰਗ ਦੋਰਾਨ ਹੋਏ ਫੈਸਲੇ ਅਨੁਸਾਰ ਸਾਰੇ ਲਾਭਪਾਤਰੀਆਂ ਦਾ ਫੈਮਲੀ ਡਾਟਾ ਵੀ ਇੱਕਤਰ ਕਰਕੇ ਇੰਸੋਰੈਂਸ ਕੰਪਨੀ ਨੂੰ ਭੇਜਿਆ ਜਾਣਾ ਹੈ, ਜਿਸ ਬਾਰੇ ਫੀਲਡ ਸਟਾਫ ਨੂੰ ਲੋੜੀਂਦੀ ਕਾਰਵਾਈ ਕਰਨ ਲਈ ਹਦਾਇਤ ਕਰ ਦਿਤੀ ਗਈ ਹੈ।

ਮੈਂਬਰ ਸਾਹਿਬਾਨ ਵੱਲੋ ਚਾਹਿਆ ਗਿਆ ਕਿ ਇਸ ਸਕੀਮ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਲਈ ਸਮੇਂ ਸਮੇਂ ਸਿਰ ਯੋਗ ਕਦਮ ਚੁੱਕੇ ਜਾਣੇ ਚਾਹੀਦੇ ਹਨ ਤਾਂ ਜ਼ੋ ਲਾਭਪਾਤਰੀ ਉਸਾਰੀ ਕਿਰਤੀ ਇਸ ਸਕੀਮ ਦਾ ਵੱਧ ਤੋ ਵੱਧ ਲਾਭ ਉਠਾ ਸਕਣ।

**19ਵੀਂ ਮੀਟਿੰਗ ਸਪਲੀਮੈਂਟਰੀ ਅਜੰਡਾ ਆਈਟਮ ਨੰ: 1** — **ਬੋਰਡ ਦੀ ਵਜੀਫ਼ਾ ਸਕੀਮ ਵਿੱਚ ਸੋਧ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੌਰਾਨ ਮੈਂਬਰ ਸਕੱਤਰ ਵੱਲੋ ਦੱਸਿਆ ਗਿਆ ਕਿ ਬੋਰਡ ਵੱਲੋ ਪਾਰਦਰਸ਼ੀ ਤਰੀਕੇ ਨਾਲ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਆਰ.ਟੀ.ਜੀ.ਐਸ. ਰਾਹੀਂ ਰਕਮਾਂ ਟਰਾਂਸਫਰ ਕੀਤੀਆਂ ਜਾਂਦੀਆਂ ਹਨ।ਉਨ੍ਹਾਂ ਵੱਲੋ ਇਹ ਵੀ ਦੱਸਿਆ ਗਿਆ ਕਿ ਪੰਜਾਬ ਬੋਰਡ ਵੱਲੋ ਉਸਾਰੀ ਕਿਰਤੀਆਂ ਦੀ ਭਲਾਈ ਸਬੰਧੀ ਕੀਤੀਆਂ ਜਾ ਰਹੀਆਂ ਗਤੀਵਿੱਧੀਆਂ ਦੀ ਕਿਰਤ ਤੇ ਰੋਜ਼ਗਾਰ ਮੰਤਰਾਲਯ ਭਾਰਤ ਸਰਕਾਰ ਵੱਲੋ ਵੀ ਪ੍ਰਮੁੱਖ ਸਕੱਤਰ ਕਿਰਤ ਪੰਜਾਬ ਸਰਕਾਰ ਨੂੰ ਲਿਖੇ ਅੱਧ-ਸਰਕਾਰੀ ਪੱਤਰ ਮਿਤੀ 20.1.2016 ਰਾਹੀਂ ਸ਼ਲਾਘਾ ਕੀਤੀ ਗਈ ਹੈ।ਮੈਂਬਰ ਸਾਹਿਬਾਨ ਵੱਲੋ ਇਸ ਨੂੰ ਬੋਰਡ ਦੀ ਵੱਡੀ ਉਪਲੱਬਧੀ (achievement) ਮੰਨਦੇ ਹੋਏ ਇਸ ਬਾਰੇ ਅਖਬਾਰਾਂ ਰਾਹੀਂ ਪ੍ਰਚਾਰ ਕਰਨ ਦਾ ਸੁਝਾਅ ਦਿੱਤਾ ਗਿਆ।ਸ਼੍ਰੀ ਕਰਤਾਰ ਸਿੰਘ ਰਾਠੌਰ ਮੈਂਬਰ ਬੋਰਡ ਵੱਲੋ ਤਜਵੀਜ਼ ਦਿੱਤੀ ਗਈ ਕਿ ਆਂਧਰਾਂ ਪ੍ਰਦੇਸ਼ ਕੰਸਟਰਕਸ਼ਨ ਬੋਰਡ ਵੱਲੋ ਉਸਾਰੀ ਕਿਰਤੀਆਂ ਨੂੰ ਲਾਭ ਦੇਣ ਬਾਰੇ ਜ਼ੋ ਜਿਲ੍ਹਾਂ ਪੱਧਰ ਤੇ ਜ਼ੋ ਸਬ-ਕਮੇਟੀਆਂ ਬਣਾਈਆਂ ਗਈਆਂ ਹਨ ਬਾਰੇ ਪਤਾ ਕਰਕੇ ਬੋਰਡ ਨੂੰ ਦੱਸਿਆ ਜਾਵੇ।

ਬੋਰਡ ਵੱਲੋ ਇਸ ਆਈਟਮ ਵਿੱਚ ਜਲੰਧਰ ਵਿਖੇ ਮਹੀਨਾ ਅਪ੍ਰੈਲ ਅਤੇ ਮਈ 2016 ਦੌਰਾਨ ਵਜੀਫਾ ਸਕੀਮ ਅਧੀਨ ਮੰਜੂਰ ਕੀਤੀਆਂ ਰਕਮਾਂ ਦੇ ਜਿਹੜੇ ਵੇਰਵੇ **ਅਨੁਲੱਗ 'ੳ'** ਵਿੱਚ ਬੋਰਡ ਦੀ ਜਾਣਕਾਰੀ ਲਈ ਪੇਸ਼ ਕੀਤੇ ਗਏ ਸਨ, ਉਨ੍ਹਾਂ ਦਾ ਪ੍ਰੇਖਣ ਕਰਦੇ ਹੋਏ ਸਮਾਜਿਕ ਸੁਰੱਖਿਆਂ, ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਪ੍ਰਤੀਨਿੱਧ ਵੱਲੋ ਦੱਸਿਆ ਗਿਆ ਕਿ **ਅਨੁਲੱਗ** ਵਿੱਚ ਲੜੀ ਨੰ: 1838 ਤੋ 1841 ਤੱਕ ਦਰਜ ਵੇਰਵੇ ਇੱਕੋ ਹੀ ਲਾਭਪਾਤਰੀ ਦੀਆਂ double entries ਜਾਪਦੀਆਂ ਹਨ।ਇਸ ਮੁੱਦੇ ਬਾਰੇ ਮੌਕੇ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵੱਲੋ ਸੁਝਾਅ ਦਿੱਤਾ ਗਿਆ ਕਿ **ਅਨੁਲੱਗ 'ੳ'** ਵਿੱਚ ਦਰਜ ਸਾਰੀ ਐਂਟਰੀਜ਼ ਦੀ ਬੋਰਡ ਵੱਲੋ ਰਿਕਾਰਡ ਅਨੁਸਾਰ ਮੁੜ ਪੜਤਾਲ ਕਰ ਲੈਣੀ ਯੋਗ ਹੋਵੇਗੀ ਤਾਂ ਜ਼ੋ double entries ਦੀ ਗੁੰਜਾਇਸ਼ ਨਾ ਰਹੇ, ਜਿਸ ਨਾਲ ਬੋਰਡ ਵੱਲੋ ਸਹਿਮਤੀ ਪ੍ਰਗਟ ਕੀਤੀ ਗਈ।

ਜਿੱਥੋ ਤੱਕ ਆਂਧਰਾਂ ਪ੍ਰਦੇਸ਼ ਬੀ.ਓ.ਸੀ.ਡਬਲਿਯੂ. ਬੋਰਡ ਦੀਆਂ ਸਕੀਮਾਂ ਵਾਂਗ ਅਨ-ਰਜਿਸਟਰਡ ਕਿਰਤੀਆਂ ਨੂੰ ਐਕਸੀਡੈਂਟ/ਅਪੰਗਤਾ ਵੱਜੋ ਐਕਸਗ੍ਰੇਸ਼ੀਆ ਰਾਸ਼ੀ ਦੇਣ ਦਾ ਸਬੰਧ ਹੈ, ਇਸ ਬਾਰੇ ਮੌਕੇ ਤੇ ਡਿਪਟੀ ਸਕੱਤਰ ਬੋਰਡ ਵੱਲੋ ਦੱਸਿਆ ਗਿਆ ਕਿ ਅਨ-ਰਜਿਸਟਰਡ ਕਿਰਤੀਆਂ ਨੂੰ ਮੌਤ ਵਜੋ ਐਕਸਗ੍ਰੇਸ਼ੀਆ ਦੇਣ ਸਬੰਧੀ ਮੁੱਦੇ ਬਾਰੇ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਵੱਲੋ ਪਹਿਲਾਂ ਹੀ ਇਤਰਾਜ਼ ਕੀਤਾ ਗਿਆ ਸੀ ਕਿ ਰਜਿਸਟਰੇਸ਼ਨ ਤੋ ਬਗੈਰ ਐਕਸਗ੍ਰੇਸ਼ੀਆ ਦੇਣ ਨਾਲ ਇਸ ਦੀ ਦੁਰਵਰਤੋ ਹੋਣ ਦੀ ਪੂਰੀ ਸੰਭਾਵਨਾ ਹੈ।ਇਸ ਕਾਰਨ ਬੋਰਡ ਵੱਲੋ ਪਹਿਲਾਂ ਇਸ ਮੁੱਦੇ ਨੂੰ ਠੱਪ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ ਇਸ ਮੁੱਦੇ ਬਾਰੇ ਬੋਰਡ ਵੱਲੋ ਕੋਈ ਕਾਰਵਾਈ ਨਾ ਕਰਨ ਬਾਰੇ ਸਹਿਮਤੀ ਦਿੱਤੀ ਗਈ।

**ਅਜੰਡਾ ਆਈਟਮ ਨੰ: 7** — **ਉਸਾਰੀ ਕਿਰਤੀਆਂ ਦੀ ਰਜਿਸਟਰੇਸ਼ਨ ਕਰਨ ਲਈ ਉਸਾਰੀ ਕਿਰਤੀਆਂ ਦਾ ਬਾਇਓਮੀਟ੍ਰਿਕ ਡਾਟਾ ਕੈਪਚਰ ਕਰਦੇ ਹੋਏ ਉਨ੍ਹਾਂ ਦੀ ਰਜਿਸਟਰੇਸ਼ਨ ਕਰਨ ਵਾਸਤੇ ।**

ਇਸ ਅਜੰਡਾ ਆਈਟਮ ਬਾਰੇ ਵਿਚਾਰ ਵਟਾਂਦਰੇ ਦੌਰਾਨ ਬੋਰਡ ਦੀ ਕੰਪਿਊਟਰਾਈਜ਼ੇਸ਼ਨ ਹੋ ਜਾਣ ਕਰਕੇ ਬੋਰਡ ਵੱਲੋ ਸਕੱਤਰ ਬੋਰਡ, ਸਲਾਹਕਾਰ ਬੋਰਡ, ਡਿਪਟੀ ਸਕੱਤਰ, ਲੇਖਾ ਅਫ਼ਸਰ ਅਤੇ ਕੰਪਿਊਟਰ ਪ੍ਰੋਗਰਾਮਰ ਨੂੰ ਲੈਪਟਾਪ ਅਤੇ 1,000/- ਰੁਪਏ ਪ੍ਰਤੀ ਮਹੀਨਾ ਇੰਟਰਨੈਟ ਅਲਾਊਂਸ ਦੇਣ ਦੀ ਪ੍ਰਵਾਨਗੀ ਦਿੱਤੀ ਗਈ।

**21ਵੀਂ ਮੀਟਿੰਗ ਅਜੰਡਾ ਆਈਟਮ ਨੰ: 3** — **ਭਾਰਤ ਸਰਕਾਰ ਵੱਲੋ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਸੈਸ ਦੀ ਵਰਤੋ ਲਈ ਬੀ.ਓ.ਸੀ.ਡਬਲਿਯੂ. (ਆਰ.ਈ. ਐਂਡ ਸੀ.ਐਸ.) ਐਕਟ, 1996, ਦੀ ਧਾਰਾ 60 ਅਧੀਨ ਜਾਰੀ ਕੀਤੇ ਹੁਕਮਾਂ ਸਬੰਧੀ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੌਰਾਨ ਮੈਂਬਰ ਸਕੱਤਰ ਵੱਲੋ ਮੈਂਬਰ ਸਾਹਿਬਾਨ ਦਾ ਧਿਆਨ ਭਾਰਤ ਸਰਕਾਰ, ਕਿਰਤ ਤੇ ਰੋਜ਼ਗਾਰ ਮੰਤਰਾਲੇ ਵੱਲੋ ਬੀ.ਓ.ਸੀ.ਡਬਲਿਯੂ. (ਆਰ.ਈ. ਐਂਡ ਸੀ.ਐਸ.) 1996, ਦੀ ਧਾਰਾ 60 ਅਧੀਨ ਜਾਰੀ ਪੱਤਰ ਨੰ: Z-20011/08/2014-BL ਮਿਤੀ7.06.2016 ਰਾਹੀਂ ਜਾਰੀ ਨਵੀਆਂ directions ਵੱਲ ਦੁਆਉਂਦੇ ਹੋਏ ਦੱਸਿਆ ਗਿਆ ਕਿ ਮੰਤਰਾਲੇ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਰਾਜਾਂ ਵਲੋ ਐਕਟ ਦੀ ਧਾਰਾ 22 ਅਤੇ 22(h) ਦੀ ਵਿਆਖਿਆ ਆਪਣੀ ਸਹੂਲਤ ਅਨੁਸਾਰ ਕਰਦੇ ਹੋਏ ਸੈਸ ਫੰਡ ਦੀ ਵਰਤੋ ਸਕੂਲਾਂ, ਹਸਪਤਾਲਾਂ, ਟਰੇਨਿੰਗ ਸੈਂਟਰਾਂ, ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ, ਵੇਟਿੰਗ ਹਾਲ, ਹੋਸਟਲਾਂ ਆਦਿ ਦੀਆਂ ਇਮਾਰਤਾਂ ਦੀ ਉਸਾਰੀ ਕਰਨ ਵਾਸਤੇ ਕੀਤੀ ਜਾ ਰਹੀ ਹੈ ਜ਼ੋ ਕਿ ਐਕਟ ਦੀ ਉਲੰਘਣਾ ਹੈ। ਭਾਰਤ ਸਰਕਾਰ ਵਲੋ ਸਪੱਸ਼ਟ ਕੀਤਾ ਗਿਆ ਹੈ ਕਿ ਜਨਰਲ ਪਬਲਿਕ ਜਿਨ੍ਹਾਂ ਵਿਚ ਬੀ.ਓ.ਸੀ. ਵਰਕਰਜ਼ ਦੀ ਗਿਣਤੀ ਨਾਮ-ਮਾਤਰ ਹੈ, ਦੀਆਂ ਜਰੂਰਤਾਂ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਮੱਦਾ ਅਧੀਨ ਇਮਾਰਤਾਂ ਦੀ ਉਸਾਰੀ ਕਰਨ ਲਈ ਆਪਣੀ ਬਜਟ ਅਲਾਟਮੈਂਟ ਵਿਚੋਂ ਖਰਚਾ ਕਰਨ ਦੀ ਮੁਢਲੀ ਜਿੰਮੇਵਾਰੀ ਰਾਜ ਸਰਕਾਰ ਦੇ ਸਬੰਧਤ ਵਿਭਾਗਾਂ ਦੀ ਹੈ।ਮੈਂਬਰ ਸਕੱਤਰ ਅੱਗੇ ਦੱਸਿਆ ਗਿਆ ਹੈ ਕਿ ਇਸ ਵੇਲੇ ਬੋਰਡ ਵੱਲੋ ਉਸਾਰੀ ਕਿਰਤੀਆਂ ਦੀ ਭਲਾਈ ਹਿੱਤ ਜ਼ੋ ਉਸਾਰੀ ਦੇ ਕੰਮ ਜਾਂ ਦੂਜਿਆਂ

ਮਹਿਕਮਿਆਂ ਨਾਲ ਤਾਲਮੇਲ ਕਰਦੇ ਹੋਏ ਹੇਠ ਲਿਖਿਆਂ ਸਕੀਮਾਂ ਤੇ ਖਰਚ ਕੀਤਾ ਜਾ ਰਿਹਾ ਹੈ, ਸਬੰਧੀ ਭਾਰਤ ਸਰਕਾਰ ਵੱਲੋ ਜਾਰੀ ਕੀਤੇ ਗਏ ਹੁਕਮਾਂ ਦੀ ਮੱਦੇ ਨਜਰ ਵਿਚਾਰਦੇ ਹੋਏ ਫੈਸਲੇ ਲੈਣ ਦੀ ਲੋੜ ਹੈ:-

| ਲੜੀ ਨੰ: | ਮੁੱਦਾ | ਬੋਰਡ ਦਾ ਫੈਸਲਾ |
|---|---|---|
| 1 | **ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ:**<br>ਬੋਰਡ ਵੱਲੋ ਅਪਣੇ 8ਵੀਂ ਮੀਟਿੰਗ ਮਿਤੀ 8.03.2013 ਅਤੇ 12ਵੀਂ ਮੀਟਿੰਗ ਮਿਤੀ 18.02.2014 ਰਾਹੀਂ ਉਸਾਰੀ ਕਿਰਤੀਆਂ ਲਈ ਰਾਜ ਵਿੱਚ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਬਨਾਉਣ ਦਾ ਫੈਸਲਾ ਲਿਆ ਗਿਆ ਸੀ।ਇਸ ਫੈਸਲੇ ਦੇ ਸਨਮੁੱਖ ਕਿਰਤ ਵਿਭਾਗ ਦੇ ਅਧਿਕਾਰੀਆਂ ਵੱਲੋ ਰਾਜ ਵਿੱਚ ਕੁੱਲ 27 ਸਾਈਟਾਂ ਨੂੰ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਬਨਾਉਣ ਲਈ ਸੁਟੇਬਲ ਪਾਇਆ ਗਿਆ ਸੀ।ਇਹਨਾਂ ਸਾਈਟਾਂ ਵਿੱਚੋ ਜਿਹੜੀਆਂ 10 ਸਾਈਟਾਂ ਤੇ ਉਸਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਜਿਨ੍ਹਾਂ 8 ਸਾਈਟਾਂ ਤੇ ਉਸਾਰੀ ਦਾ ਕੰਮ ਚਲ ਰਿਹਾ ਹੈ ਜਾਂ ਜਿਹੜੀਆਂ 9 ਸਾਈਟਾਂ ਤੇ ਜਗ੍ਹਾਂ ਉਪਲਬਧ ਨਾ ਹੋਣ ਕਾਰਨ ਉਸਾਰੀ ਦਾ ਕੰਮ ਸੁਰੂ ਨਹੀਂ ਹੋ ਸਕਿਆ, ਬਾਰੇ ਕੇਂਦਰ ਸਰਕਾਰ ਦੇ ਹੁਕਮਾਂ ਅਨੁਸਾਰ ਬੋਰਡ ਵਲੋਂ ਸੈਸ ਫੰਡ ਵਿਚੋਂ ਕੀਤੇ ਗਏ ਖਰਚੇ ਨੂੰ **recoup** ਕਰਨ, ਮੁਕੰਮਲ ਸਾਈਟਾਂ ਦੇ ਰੱਖ-ਰੱਖਾਓ, ਉਸਾਰੀ ਅਧੀਨ ਇਮਾਰਤਾ ਦੀ ਉਸਾਰੀ ਚਾਲੂ ਰੱਖਣ ਜਾਂ ਨਾਂ ਰੱਖਣ ਬਾਰੇ ਜਾਂ ਜਿਨ੍ਹਾਂ ਸਾਈਟਾਂ ਦੀ ਜਗ੍ਹਾਂ ਉਪਲਬਧ ਨਾਂ ਹੋਣ ਕਾਰਣ ਕੰਮ ਸੁਰੂ ਨਹੀਂ ਹੋਇਆ, ਬਾਰੇ ਸਾਰਾ ਮੁੱਦਾ ਬੋਰਡ ਦੇ ਵਿਚਾਰਨ ਅਤੇ ਯੋਗ ਫੈਸਲਾ ਲੈਣ ਹਿੱਤ ਪੇਸ਼ ਕੀਤਾ ਗਿਆ। | ਬੋਰਡ ਵੱਲੋ ਫੈਸਲਾ ਲਿਆ ਗਿਆ ਕਿ ਕਿਉਂ ਜ਼ੋ ਭਾਰਤ ਸਰਕਾਰ ਵੱਲੋ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਬਨਾਉਣ ਲਈ ਮਨਾਹੀ ਕੀਤੀ ਗਈ ਹੈ ਇਸ ਲਈ ਅੱਗੇ ਤੋ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਨਾ ਉਸਾਰੇ ਜਾਣ।ਜਿੱਥੋ ਤੱਕ 10 ਸਾਈਟਾਂ ਉੱਤੇ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਉਸਾਰੇ ਜਾ ਚੁੱਕੇ ਹਨ ਅਤੇ 8 ਹੋਰ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦਾ ਕੰਮ ਤਕਰੀਬਨ ਪੂਰਾ ਹੋਣ ਵਾਲਾ ਹੈ ਸਬੰਧੀ ਭਾਰਤ ਸਰਕਾਰ ਪਾਸੋ ਹੇਠ ਲਿਖੇ ਅਨੁਸਾਰ ਅਗਵਾਈ/ਸਪਸ਼ੱਟੀਕਰਨ ਮੰਗਿਆ ਜਾਵੇ:-<br>(ੳ) ਕੀ ਜਿਹੜੇ 10 ਲੇਬਰ ਸ਼ੈਡ-ਕਮ-ਨਾਈਟਰ ਸ਼ੈਲਟਰ ਉਸਾਰੇ ਜਾ ਚੁੱਕੇ ਹਨ ਦੀ maintainance ਅਤੇ operationalization ਬੋਰਡ ਵੱਲੋ ਕੀਤੀ ਜਾਣੀ ਹੈ ਜਾਂ ਇਸ ਸਬੰਧੀ ਭਵਿੱਖ ਵਿੱਚ ਹੋਣ ਵਾਲੇ ਖਰਚੇ ਤੋ ਬਚਣ ਲਈ ਇਹਨਾਂ ਨੂੰ ਸਥਾਨਕ ਸਰਕਾਰ ਵਿਭਾਗ ਨੂੰ ਸੋਂਪਿਆ ਜਾਣਾ ਹੈ ?<br>(ਅ) ਕੀ ਜਿਹਨਾਂ 8 ਸਾਈਟਾਂ ਤੇ ਉਸਾਰੀ ਦਾ ਕੰਮ ਚੱਲ ਰਿਹਾ ਹੈ ਉਸਨੂੰ ਮੁਕੰਮਲ ਕਰਨਾ ਜਾਂ ਤੁਰੰਤ ਰੋਕ ਦਿੱਤਾ ਜਾਣਾ ਹੈ। |
| 2. | **ਸਕਿਲ ਡਿਵੈਲਪਮੈਂਟ ਸੈਂਟਰ:**<br>ਬੋਰਡ ਵੱਲੋ ਮਿਤੀ 24.06.2015 ਨੂੰ ਹੋਈ 17ਵੀਂ ਅਤੇ ਮਿਤੀ 16.02.2016 ਨੂੰ ਹੋਈ 20ਵੀਂ ਮੀਟਿੰਗ ਵਿੱਚ ਰਾਜ ਦੇ ਚਾਰ ਸ਼ਹਿਰਾਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਮੁਹਾਲੀ ਵਿਖੇ ਚਾਰ ਸਕਿਲ ਡਿਵੈਲਪਮੈਂਟ ਸੈਂਟਰਾਂ ਅਤੇ ਨਾਈਟ ਸ਼ੈਲਟਰਾਂ ਦੀ ਉਸਾਰੀ | ਬੋਰਡ ਵੱਲੋ ਸਕਿਲ ਡਿਵੈਲਪਮੈਂਟ ਸੈਂਟਰਾਂ ਸਬੰਧੀ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ ਹੈ:-<br>(ੳ) ਭਾਰਤ ਸਰਕਾਰ ਕਿਰਤ ਰੋਜ਼ਗਾਰ ਮੰਤਰਾਲੇ ਨੂੰ ਇਸ ਮੁੱਦੇ ਸਬੰਧੀ ਸਾਰੀ ਸਥਿਤੀ ਦੱਸਦੇ ਹੋਏ ਅਗਵਾਈ ਲਈ ਜਾਵੇ ਕਿ ਇਹਨਾਂ ਚਾਰੇ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਦੇ ਕੰਮ ਨੂੰ |

| | | |
|---|---|---|
| | ਲਈ ਜ਼ਮੀਨ ਖਰੀਦ ਕਰਨ ਅਤੇ ਇਨ੍ਹਾਂ ਸਾਈਟਾਂ ਤੇ ਉਸਾਰੀ ਦਾ ਕੰਮ ਕਰਨ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਪਾਸੋ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ। ਇਸ ਮੰਤਵ ਲਈ ਜ਼ਮੀਨ ਦੀ ਖਰੀਦ ਸਬੰਧੀ ਬੋਰਡ ਵੱਲੋ 30.88 ਕਰੋੜ ਰੁਪਏ ਦੀ ਰਾਸ਼ੀ ਖਰਚ ਕੀਤੀ ਗਈ ਹੈ ਅਤੇ ਜਲੰਧਰ ਵਿਖੇ ਖਰੀਦੀ ਗਈ ਜਮੀਨ ਦੀ ਕੁੱਲ ਰਾਸ਼ੀ 9.51 ਕਰੋੜ ਰੁਪਏ ਵਿਚੋ 4.56 ਕਰੋੜ ਰੁਪਏ ਦੀ ਅਦਾਇਗੀ ਅਜੇ ਕਰਨੀ ਰਹਿੰਦੀ ਹੈ। ਇਸ ਤੋ ਇਲਾਵਾ ਇਨ੍ਹਾਂ ਸਕਿਲ ਡਿਵੈਲਪਮੈਂਟ ਸੈਂਟਰਾਂ ਅਤੇ ਨਾਈਟ ਸ਼ੈਲਟਰਾਂ ਦੀ ਉਸਾਰੀ ਲਈ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਲ ਨੂੰ 4.77 ਕਰੋੜ ਰੁਪਏ ਦੀ ਰਕਮ ਬਤੌਰ ਅਡਵਾਂਸ ਦਿੱਤੀ ਜਾ ਚੁੱਕੀ ਹੈ।<br>(i)ਬੋਰਡ ਵਲੋ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਮੁਹਾਲੀ ਵਿਖੇ ਉਸਾਰੀ ਕਿਰਤੀਆਂ ਦੀ ਭਲਾਈ ਲਈ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਰਾਹੀਂ ਉਸਾਰੇ ਜਾ ਰਹੇ ਸਕਿਲ ਡਿਵੈਲਪਮੈਂਟ ਸੈਂਟਰਾਂ ਤੇ ਕੀਤੇ ਖਰਚੇ ਨੂੰ **recoup** ਕਰਨ ਅਤੇ ਇਨ੍ਹਾਂ ਸੈਂਟਰਾਂ ਦੀਆਂ ਬਿਲਡਿੰਗਾਂ ਵਿਚ ਨਾਈਟ ਸ਼ੈਲਟਰਾਂ ਅਤੇ ਹੋਸਟਲਾਂ ਦੀ ਉਸਾਰੀ ਦਾ ਕੰਮ ਜ਼ੋ ਕਿ ਅਜੇ ਅਰੰਭ ਨਹੀਂ ਹੋਇਆ, ਨੂੰ ਰੋਕਣ ਸਬੰਧੀ ਮੁੱਦੇ ਬਾਰੇ ਭਾਰਤ ਸਰਕਾਰ ਦੀਆਂ directions ਦੇ ਮੱਦੇ ਨਜਰ ਬੋਰਡ ਵਲੋਂ ਵਿਚਾਰ ਕਰਨ ਅਤੇ ਯੋਗ ਫੈਸਲਾ ਲਿਆ ਜਾਵੇ।<br>(ii) ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿਖੇ ਸਕਿਲ ਡਿਵੈਲਪਮੈਂਟ ਸੈਂਟਰਾਂ ਦੀਆਂ ਬਿਲਡਿੰਗਾਂ ਵਿੱਚ ਕਿਰਤ ਵਿਭਾਗ ਦੇ ਦਫ਼ਤਰਾਂ ਦੀ ਬਿਲਡਿੰਗ ਦੀ ਉਸਾਰੀ ਕਰਨ ਦੀ ਤਜਵੀਜ ਹੈ, ਲੇਕਿਨ ਇਹ ਕੰਮ ਅਜ੍ਹੇ ਆਰੰਭ ਨਹੀਂ ਹੋਇਆ। ਇਸ ਬਾਰੇ ਕੇਂਦਰ ਸਰਕਾਰ ਨੂੰ ਪੱਤਰ ਭੇਜਦੇ ਹੋਏ ਬੋਰਡ ਨੂੰ ਇਨ੍ਹਾਂ ਦਫਤਰਾਂ ਦੀ ਬਿਲਡਿੰਗ ਦੀ ਉਸਾਰੀ ਕਰਨ | ਤੁਰੰਤ ਰੋਕ ਦਿੱਤਾ ਜਾਣਾ ਹੈ ਜਾਂ ਇਨ੍ਹਾਂ ਸੈਂਟਰਾਂ ਦੇ ਮੁਕੰਮਲ ਹੋਣ ਤੱਕ ਚਾਲੂ ਰੱਖਿਆ ਜਾਣਾ ਹੈ ਤਾਂ ਜ਼ੋ ਜਿਸ ਮਕਸਦ ਲਈ ਇਹ ਸੈਂਟਰ ਉਸਾਰੇ ਜਾ ਰਹੇ ਹਨ, ਪੂਰਾ ਹੋ ਸਕੇ।<br>(ਅ) ਸਕਿਲ ਡਿਵੈਲਪਮੈਂਟ ਸੈਂਟਰਾਂ ਦੀਆਂ ਬਿਲਡਿੰਗਾਂ ਵਿੱਚ ਨਾਈਟ ਸ਼ੈਲਟਰ ਬਨਾਉਣ ਦੇ ਸਬੰਧ ਵਿੱਚ ਫੈਸਲਾ ਲਿਆ ਗਿਆ ਹੈ ਕਿ ਭਾਰਤ ਸਰਕਾਰ ਦੀਆਂ ਹਦਾਇਤਾਂ ਦੇ ਸਨਮੁੱਖ ਇਨ੍ਹਾਂ ਨੂੰ ਰੋਕ ਦਿੱਤਾ ਜਾਵੇ।<br>(ੲ) ਸਕਿਲ ਡਿਵੈਲਪਮੈਂਟ ਸੈਂਟਰਾਂ ਦੀਆਂ ਬਿਲਡਿੰਗਾਂ ਵਿੱਚ ਕਿਰਤ ਵਿਭਾਗ ਦੇ ਦਫ਼ਤਰਾਂ ਦੀਆਂ ਬਿਲਡਿੰਗਾਂ ਦੀ ਉਸਾਰੀ ਕਰਨ ਦੇ ਸਬੰਧ ਵਿੱਚ ਬੋਰਡ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਦਫ਼ਤਰ ਵੱਲੋ ਪਹਿਲਾਂ ਹੀ ਇਸ ਸਬੰਧ ਵਿੱਚ ਭਾਰਤ ਸਰਕਾਰ ਪਾਸੋ ਇਨ੍ਹਾਂ ਸੈਂਟਰਾਂ ਦੀਆਂ ਬਿਲਡਿੰਗਾਂ ਵਿੱਚ ਕਿਰਤ ਵਿਭਾਗ ਦੇ ਦਫ਼ਤਰ ਬਨਾਉਣ ਲਈ ਅਗਵਾਈ ਲੈਣ ਪ੍ਰਤੀ ਕਾਰਵਾਈ ਆਰੰਭੀ ਹੋਈ ਹੈ, ਜਿਸ ਤੇ ਬੋਰਡ ਦੇ ਮੈਂਬਰਾਨ ਵੱਲੋ ਸਹਿਮਤੀ ਪ੍ਰਗਟ ਕਰਦੇ ਹੋਏ ਕਿਹਾ ਗਿਆ ਹੈ ਕਿ ਇਸ ਮੁੱਦੇ ਤੇ ਭਾਰਤ ਸਰਕਾਰ ਪਾਸੋ ਪ੍ਰਾਪਤ ਹੋਣ ਵਾਲੀ ਅਗਵਾਈ ਉਪਰੰਤ ਅਗਲੇਰੀ ਕਾਰਵਾਈ ਕੀਤੀ ਜਾਵੇ। |

| | | |
|---|---|---|
| | ਦੀ ਆਗਿਆ ਦੇਣ ਲਈ ਲਿਖਿਆ ਗਿਆ ਹੈ। ਇਸ ਸਬੰਧੀ ਕੇਂਦਰ ਸਰਕਾਰ ਤੋਂ ਸੂਚਨਾਂ ਪ੍ਰਾਪਤ ਹੋਣ ਤੇ ਅਗਲੀ ਕਾਰਵਾਈ ਕੀਤੀ ਜਾਵੇਗੀ। ਇਹ ਮੁੱਦਾ ਮੈਂਬਰ ਸਹਿਬਾਨ ਦੀ ਜਾਣਕਾਰੀ ਲਈ ਪੇਸ਼ ਕੀਤਾ ਗਿਆ ਹੈ। | |
| 3. | **ਮਲਟੀ ਸਕਿਲ ਡਿਵੈਲਪਮੈਂਟ ਸੈਂਟਰ :**<br>ਬੋਰਡ ਦੀ ਮਿਤੀ 27.4.2014 ਨੂੰ ਹੋਈ 14ਵੀਂ ਮੀਟਿੰਗ ਅਤੇ 23.12.2015 ਨੂੰ ਹੋਈ 19ਵੀਂ ਮੀਟਿੰਗ ਵਿੱਚ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਹਿੱਤ ਸਕਿਲ ਡਿਵੈਲਪਮੈਂਟ ਨੂੰ ਮੁੱਖ ਰੱਖਦੇ ਹੋਏ ਬੋਰਡ ਵੱਲੋ ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਨਾਲ ਮਿਤੀ 19.05.2016 ਨੂੰ MOU ਸਾਈਨ ਕੀਤਾ ਗਿਆ ਜਿਸਦੇ ਤਹਿਤ ਮਿਸ਼ਨ ਦੁਆਰਾ ਰਾਜ ਦੇ 5 ਸਹਿਰਾਂ ਲੁਧਿਆਣਾ, ਅੰਮ੍ਰਿਤਸਰ, ਬਠਿੰਡਾ, ਹੁਸ਼ਿਆਰਪੁਰ ਅਤੇ ਜਲੰਧਰ ਵਿਖੇ ਬਣਾਏ ਜਾ ਰਹੇ ਮਲਟੀ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਅਤੇ ਇਹਨਾਂ 5 ਸੈਂਟਰਾਂ ਨਾਲ ਸਬੰਧਤ ਹੋਸਟਲਾਂ ਦੀ ਉਸਾਰੀ ਸਬੰਧੀ ਹੋਣ ਵਾਲੇ ਖਰਚੇ ਦੀ 25% ਰਾਸ਼ੀ ਮਲਟੀ ਸਕਿਲ ਡਿਵੈਲਪਮੈਂਟ ਸੈਂਟਰ ਵਿੱਚ ਬੋਰਡ ਦੀ ਹਿੱਸੇਦਾਰੀ (Co-ownership) ਵਜੋ ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਨੂੰ ਅਦਾ ਕਰਨਾ ਮੰਨਿਆ ਗਿਆ ਹੈ ਜਿਸ ਅਨੁਸਾਰ ਇਹਨਾ ਸੈਂਟਰਾਂ ਨੂੰ ਚਲਾਉਣ ਅਤੇ ਰਖ ਰਖਾਵ (running & maintenance) ਤੇ ਆਉਣ ਵਾਲੇ ਸਲਾਨਾ ਪ੍ਰਬੰਧਕੀ ਖਰਚੇ ਦੀ 25% ਰਾਸ਼ੀ ਵੀ ਬੋਰਡ ਵਲੋਂ ਮਿਸ਼ਨ ਨੂੰ ਅਦਾ ਕੀਤੀ ਜਾਣੀ ਹੈ।MOU ਦੀਆਂ ਸ਼ਰਤਾਂ ਅਨੁਸਾਰ ਮਿਸ਼ਨ ਦੁਆਰਾ ਇਨ੍ਹਾਂ ਸੈਂਟਰਾਂ/ਹੋਸਟਲਾਂ ਦੀ ਉਸਾਰੀ ਤੇ ਹੁਣ ਤੱਕ ਕੀਤੇ 2644.44 ਲੱਖ ਰੁਪਏ ਦੇ ਖਰਚੇ ਦੀ ਬਣਦੀ 25% ਰਾਸ਼ੀ ਭਾਵ 661.11 ਲੱਖ ਰੁਪਏ ਬੋਰਡ ਵਲੋ ਅਦਾ ਕੀਤੀ ਜਾ ਚੁੱਕੀ | ਬੋਰਡ ਵੱਲੋ ਫੈਸਲਾ ਲਿਆ ਗਿਆ ਹੈ ਕਿ ਭਾਰਤ ਸਰਕਾਰ ਕਿਰਤ ਤੇ ਰੋਜ਼ਗਾਰ ਮੰਤਰਾਲੇ ਵੱਲੋ ਪੱਤਰ ਮਿਤੀ 07.6.2016 ਰਾਹੀਂ ਜਾਰੀ directions ਦੇ ਮੱਦੇ ਨਜਰ ਭਵਿੱਖ ਵਿੱਚ ਮਿਸ਼ਨ ਨੂੰ ਅਜਿਹੀ ਕੋਈ ਅਦਾਇਗੀ ਨਾ ਕੀਤੀ ਜਾਵੇ। |

| | | |
|---|---|---|
| | ਹੈ।ਬੋਰਡ ਵਲੋ ਅਦਾ ਕੀਤੀ ਗਈ ਇਸ ਰਕਮ ਨੂੰ ਮਿਸ਼ਨ ਪਾਸੋ **recoup** ਕਰਨ ਅਤੇ ਬੋਰਡ ਵਲੋਂ ਮਿਸ੍ਨ ਨਾਲ ਮਿਤੀ 19.5.2016 ਨੂੰ ਹੋਏ ਐਗਰੀਮੈਂਟ ਨੂੰ ਰੱਦ ਕਰਨ ਬਾਰੇ ਕੇਂਦਰ ਸਰਕਾਰ ਵਲੋਂ ਜਾਰੀ directions ਦੇ ਮੱਦੇ ਨਜਰ ਬੋਰਡ ਵਲੋਂ ਵਿਚਾਰ ਕਰਨ ਅਤੇ ਯੋਗ ਫੈਸਲਾ ਲੈਣ ਲਈ ਮੱਦ ਪੇਸ਼ ਕੀਤੀ ਗਈ। | |
| 4. | <u>**ਅਰਬਨ ਹੈਲਥ ਕਿਉਸਿਕਸ ਲਈ ਵਿੱਤੀ ਸਹਾਇਤਾ ਦੇਣ ਬਾਰੇ:**</u><br>ਬੋਰਡ ਵੱਲੋ ਮਿਤੀ 23.12.2015 ਨੂੰ ਹੋਈ 19ਵੀਂ ਮੀਟਿੰਗ ਵਿੱਚ ਅਜਿਹੇ ਸਲੱਮ ਏਰੀਏ ਜਿੱਥੇ ਉਸਾਰੀ ਕਿਰਤੀਆਂ ਦੀ ਤਾਦਾਦ ਜ਼ਿਆਦਾ ਹੈ ਵਿਖੇ ਸਥਾਪਿਤ ਕੀਤੇ ਗਏ 21 ਹੈਲਥ ਕਿਉਸਿਕਸ ਦੀ Operational and Maintenance 20,000/- ਰੁਪਏ ਪ੍ਰਤੀ ਮਹੀਨਾ ਪ੍ਰਤੀ ਕਿਉਸਿਕ ਖਰਚਾ ਸਹਾਇਤਾ ਵੱਜੋ ਦੇਣਾ ਪ੍ਰਵਾਨ ਕੀਤਾ ਗਿਆ ਸੀ, ਜਿਸ ਬਾਰੇ ਸਟੇਟ ਹੈਲਥ ਸੁਸਾਇਟੀ ਪੰਜਾਬ ਅਤੇ ਬੋਰਡ ਵਿਚਕਾਰ ਮਿਤੀ 22.01.2016 ਨੂੰ ਐਮ.ਓ.ਯੂ. ਹਸਤਾਖਰ ਕੀਤਾ ਗਿਆ ਸੀ।ਇਸ ਐਮ.ਓ.ਯੂ ਮੁਤਾਬਕ ਸਟੇਟ ਹੈਲਥ ਸੁਸਾਇਟੀ ਪੰਜਾਬ ਨੂੰ 12.60 ਲੱਖ ਰੁਪਏ ਦੀ ਪਹਿਲੀ ਤਿਮਾਹੀ ਦੀ ਕਿਸ਼ਤ ਰਿਲੀਜ਼ ਕੀਤੀ ਜਾ ਚੁੱਕੀ ਹੈ ਰਿਲੀਜ਼ ਕੀਤੀ ਗਈ ਇਸ ਰਾਸ਼ੀ ਨੂੰ **recoup** ਕਰਨ ਅਤੇ ਹੋਰ ਸਹਾਇਤਾ ਨਾ ਦੇਣ ਬਾਰੇ ਕੇਂਦਰ ਸਰਕਾਰ ਵਲੋਂ ਜਾਰੀ directions ਦੇ ਮੱਦੇ ਨਜਰ ਸੋਸਾਇਟੀ ਨਾਲ ਕੀਤੇ ਐਮ.ਓ.ਯੂ ਨੂੰ ਰੱਦ ਕਰਨ ਬਾਰੇ ਬੋਰਡ ਵਲੋਂ ਵਿਚਾਰ ਕਰਨ ਅਤੇ ਯੋਗ ਫੈਸਲਾ ਲੈਣ ਲਈ ਪੇਸ਼ ਕੀਤਾ ਗਿਆ। | ਬੋਰਡ ਵੱਲੋ ਫੈਸਲਾ ਲਿਆ ਹੈ ਕਿ ਇਸ ਸਬੰਧ ਵਿੱਚ ਭਾਰਤ ਸਰਕਾਰ, ਕਿਰਤ ਤੇ ਰੋਜ਼ਗਾਰ ਮੰਤਰਾਲੇ ਵੱਲੋ ਆਪਣੇ ਪੱਤਰ ਮਿਤੀ 7.6.2016 ਰਾਹੀਂ ਜਾਰੀ directions ਦੇ ਸਨਮੁੱਖ ਸਪੱਸ਼ਟੀਕਰਣ ਮੰਗ ਲਿਆ ਜਾਵੇ ਕਿ ਕੀ ਅਜਿਹੇ ਹੈਲਥ ਕਿਉਸਿਕਸ ਜਿਹੜੇ ਸਲੱਮ ਏਰੀਆ ਜਿੱਥੇ ਉਸਾਰੀ ਕਿਰਤੀਆਂ ਦੀ ਰਿਹਾਇਸ਼ ਜਿਆਦਾ ਹੈ ਲਈ ਨੈਸ਼ਨਲ ਅਰਬਨ ਹੈਲਥ ਮਿਸ਼ਨ ਨੂੰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਰਾਹੀਂ ਵਿੱਤੀ ਸਹਾਇਤਾ ਚਾਲੂ ਰੱਖੀ ਜਾਣੀ ਹੈ। |
| 5. | <u>**ਮੋਬਾਈਲ ਲੈਬ ਸਕੀਮ:**</u><br>ਬੋਰਡ ਦੀ ਮਿਤੀ 30.3.2015 ਨੂੰ ਹੋਈ 16ਵੀਂ ਮੀਟਿੰਗ ਵਿਚ ਨਿਰਮਾਣ ਕਾਰਜਾਂ ਵਿਚ ਕੰਮ ਕਰਦੇ ਬੋਰਡ ਦੇ ਰਜਿਸਟਰਡ | ਬੋਰਡ ਵੱਲੋ ਫੈਸਲਾ ਲਿਆ ਗਿਆ ਹੈ ਕਿ ਇਸ ਸਬੰਧ ਵਿੱਚ ਭਾਰਤ ਸਰਕਾਰ, ਕਿਰਤ ਤੇ ਰੋਜ਼ਗਾਰ ਮੰਤਰਾਲੇ ਵੱਲੋ ਆਪਣੇ ਪੱਤਰ ਮਿਤੀ |

| | | |
|---|---|---|
| | ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਸਿਲੀਕਾਸਿਜ਼ ਅਤੇ ਹੋਰ ਬਿਮਾਰੀਆਂ ਦਾ ਪਤਾ ਲਗਾਉਣ ਲਈ ਮੋਬਾਈਲ ਲੈਬ ਸਕੀਮ ਕਿਰਤ ਵਿਭਾਗ ਦੇ ਫੈਕਟਰੀ ਵਿੰਗ ਪਾਸ ਹੈਲਥ ਵਿਭਾਗ ਦੁਆਰਾ ਨਿਯੁਕਤ ਸਹਾਇਕ ਡਾਇਰੈਕਟਰ ਆਫ ਫੈਕਟਰੀਜ਼ (ਮੈਡੀਕਲ) ਦੀ ਸਹਾਇਤਾ ਨਾਲ ਉਨ੍ਹਾਂ ਇਸ ਸਕੀਮ ਅਧੀਨ ਕਿਰਤੀਆਂ ਅਤੇ ਉਹਨਾ ਦੇ ਪਰਿਵਾਰਕ ਮੈਂਬਰਾਂ ਦੇ ਮੈਡਿਕਲ ਐਗਜ਼ਾਮਿਨੇਸ਼ਨ, ਐਕਸਰੇ ਅਤੇ ਹੋਰ ਟੈਸਟਾਂ ਦਾ ਸਾਰਾ ਖਰਚਾ ਬੋਰਡ ਵਲੋਂ ਮੈਡੀਕਲ ਲੈਬ ਦੇ ਡਾਕਟਰ ਇੰਚਾਰਜ ਦੀ ਸਿਫਾਰਸ਼ ਅਨੁਸਾਰ ਦਿਤਾ ਜਾਣਾ ਹੈ। ਜੇਕਰ ਮੁਢਲੇ ਟੈਸਟਾਂ, confirmatory test ਵਿਚ ਸਿਲੀਕਾਸਿਜ਼ ਦਾ ਕੇਸ confirm ਹੋ ਜਾਂਦਾ ਹੈ ਤਾਂ ਸਬੰਧਤ ਰਜਿਸਟਰਡ ਉਸਾਰੀ ਕਿਰਤੀ ਜਾਂ ਉਸਦੇ ਪਰਿਵਾਰਕ ਮੈਂਬਰ ਦੇ ਇਲਾਜ ਤੇ ਜੋ ਵੀ ਖਰਚਾ ਆਵੇਗਾ, ਉਸਦੀ 1.50 ਲੱਖ ਰੁਪਏ ਦੀ ਸੀਮਾ ਤੱਕ ਖਰਚੇ ਦੀ ਪ੍ਰਤੀ ਪੂਰਤੀ ਕੰਟਰਕਸ਼ਨ ਬੋਰਡ ਵਲੋਂ ਕੀਤੀ ਜਾਵੇਗੀ।ਇਸ ਸਬੰਧ ਵਿੱਚ ਬੋਰਡ ਅੱਗੇ ਹੇਠ ਲਿਖੇ ਅਨੁਸਾਰ ਵਿਚਾਰਨ ਲਈ ਮੱਦ ਪੇਸ਼ ਕੀਤੀ ਗਈ:-<br>(i) ਬੋਰਡ ਵੱਲੋ ਕਿਰਤ ਵਿਭਾਗ ਦੇ ਫੈਕਟਰੀ ਵਿੰਗ ਦੇ ਸਹਿਯੋਗ ਨਾਲ ਚਲਾਈ ਜਾਣ ਵਾਲੀ ਮੋਬਾਈਲ ਵੈਨ ਸਕੀਮ ਨੂੰ ਅੱਗੇ ਚਾਲੂ ਰੱਖਣਾ ਜਾਂ ਬੰਦ ਕਰਨਾ।<br>(ii) ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਰਾਹੀਂ ਜਾਂ ਬੋਰਡ ਵਲੋਂ ਖੁਦ ਸਾਰੇ ਜਿਲਿਆਂ ਵਿੱਚ ਹੋਰ ਮੋਬਾਈਲ ਵੈਨ ਦੀ ਵਿਵਸਥਾ ਚਾਲੂ ਕਰਨ ਦੇ ਸਬੰਧ ਵਿੱਚ। | 7.6.2016 ਰਾਹੀਂ ਜਾਰੀ directions ਦੇ ਮੱਦੇ ਨਜਰ ਅਗਵਾਈ ਲੈ ਲਈ ਜਾਵੇ ਕਿ ਕੀ ਉਸਾਰੀ ਅਤੇ ਉਦਯੋਗਿਕ ਵਰਕਰਾਂ ਦੇ ਮੈਡੀਕਲ ਚੈਕਅਪ ਲਈ ਕਿਰਤ ਵਿਭਾਗ ਦੇ ਸਹਿਯੋਗ ਨਾਲ ਜਿਹੜੀ ਮੈਡੀਕਲ ਵੈਨ ਹੈਲਥ ਸਕੀਮ ਨੂੰ ਪਹਿਲਾਂ ਹੀ ਚਲਾਇਆ ਜਾ ਰਿਹਾ ਹੈ ਨੂੰ ਚਾਲੂ ਰੱਖਿਆ ਜਾਣਾ ਹੈ ਜਾਂ ਨਹੀਂ? |

**ਅਜੰਡਾ ਆਈਟਮ ਨੰ: 4** **ਪੰਜਾਬ ਬੀ.ਓ.ਸੀ. ਡਬਲਿਯੂ. ਬੋਰਡ ਵੱਲੋ ਪੰਜੀਕ੍ਰਿਤ ਲਾਭਪਾਤਰੀਆਂ ਲਈ ਚਲਾਈਆਂ ਜਾ ਰਹੀਆਂ ਡਬਲ ਬੈਨੀਫਿਟ ਸਕੀਮਾਂ ਵਿੱਚ ਸੋਧ ਬਾਰੇ।**

**(ੳ)** ਮੈਂਬਰ ਸਕੱਤਰ ਵੱਲੋ ਦੱਸਿਆ ਗਿਆ ਕਿ ਬੋਰਡ ਵੱਲੋ ਹੇਠ ਦੱਸੀਆਂ 3 ਭਲਾਈ ਸਕੀਮਾਂ ਦੀਆਂ ਸ਼ਰਤਾਂ ਵਿੱਚ ਵਿਸ਼ੇਸ਼ ਤੌਰ ਤੇ ਇਹ ਉਪਬੰਧ ਪਾਇਆ ਹੋਇਆ ਹੈ ਕਿ **'ਜੇਕਰ ਲਾਭਪਾਤਰੀ ਨੂੰ ਕਿਸੇ ਅਜਿਹੀ ਸਕੀਮ ਅਧੀਨ ਕਿਸੇ ਹੋਰ ਮਹਿਕਮੇ/ਸੰਸਥਾ ਤੋ ਲਾਭ ਮਿਲ ਰਿਹਾ ਹੋਵੇ ਤਾਂ ਵੀ ਉਸਨੂੰ ਬੋਰਡ ਵੱਲੋ ਇਸ ਸਕੀਮ ਦਾ ਪੂਰਾ ਲਾਭ ਦਿੱਤਾ ਜਾਵੇਗਾ':-**

(1) ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਵਜੀਫਾ ਸਕੀਮ।

(2) ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਸ਼ਾਦੀ ਤੇ ਸ਼ਗਨ ਸਕੀਮ।

(3) ਪੰਜੀਕ੍ਰਿਤ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ।

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੌਰਾਨ ਪ੍ਰਮੁੱਖ ਸਕੱਤਰ ਕਿਰਤ ਜੀ ਦਾ ਵਿਚਾਰ ਸੀ ਕਿ ਅਜਿਹੀਆਂ ਸਕੀਮਾਂ ਅਧੀਨ ਲਾਭਪਾਤਰੀਆਂ ਨੂੰ ਦੋਹਰੇ ਲਾਭ ਦੇਣਾ ਕਿਸੇ ਪੱਖੋ ਉਚਿਤ ਨਹੀਂ ਹੈ ਅਤੇ ਇਸ ਨਾਲ ਬੋਰਡ ਦੇ ਫੰਡਾਂ ਦੀ ਦੁਰਵਰਤੋ ਹੋ ਰਹੀ ਹੈ। ਮੀਟਿੰਗ ਵਿੱਚ ਹੋਏ ਵਿਚਾਰ ਵਟਾਂਦਰੇ ਉਪਰੰਤ ਬੋਰਡ ਵੱਲੋ ਉਪਰੋਕਤ 3 ਭਲਾਈ ਸਕੀਮਾਂ ਦੀਆਂ ਸ਼ਰਤਾਂ ਵਿੱਚ ਇਸ ਹੱਦ ਤੱਕ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਕਿ **ਜੇਕਰ ਬੋਰਡ ਦੇ ਲਾਭਪਾਤਰੀ ਨੂੰ ਕਿਸੇ ਅਜਿਹੀ ਸਕੀਮ ਅਧੀਨ ਪੰਜਾਬ ਸਰਕਾਰ ਦੇ ਕਿਸੇ ਹੋਰ ਮਹਿਕਮੇ/ਸੰਸਥਾ ਤੋ ਲਾਭ ਮਿਲ ਰਿਹਾ ਹੋਵੇ ਤਾਂ ਉਸਨੂੰ ਬੋਰਡ ਦੀ ਇਸ ਸਕੀਮ ਅਧੀਨ ਕੋਈ ਲਾਭ ਨਹੀਂ ਦਿੱਤਾ ਜਾਵੇਗਾ।ਇਸ ਮੰਤਵ ਲਈ ਲਾਭਪਾਤਰੀ ਵੱਲੋ ਇਹ ਵੀ undertaking ਦੇਣੀ ਹੋਵੇਗੀ ਕਿ ਬੋਰਡ ਦੀ ਇਸ ਸਕੀਮ ਅਧੀਨ ਖੁਦ ਜਾਂ ਆਪਣੇ ਪਰਿਵਾਰਕ ਮੈਂਬਰ ਲਈ ਲਾਭ ਪ੍ਰਾਪਤ ਕਰਨ ਉਪਰੰਤ ਉਹ ਪੰਜਾਬ ਸਰਕਾਰ ਦੇ ਕਿਸੇ ਹੋਰ ਮਹਿਕਮੇ/ਸੰਸਥਾ ਤੋ ਅਜਿਹੀ ਸਕੀਮ ਅਧੀਨ ਲਾਭ ਪ੍ਰਾਪਤ ਨਹੀਂ ਕਰੇਗਾ।**

**(ਅ)** ਇਸੇ ਤਰ੍ਹਾਂ ਇਸ ਅਜੰਡਾ ਆਈਟਮ ਅਧੀਨ ਦੱਸੇ ਵੇਰਵਿਆਂ ਨੂੰ ਮੁੱਖ ਰੱਖਦੇ ਹੋਏ ਭਲਾਈ ਸਕੀਮਾਂ ਅਧੀਨ ਲਾਭਪਾਤਰੀਆਂ ਨੂੰ ਦੋਹਰੇ ਲਾਭ ਮੁਹੱਈਆਂ ਕਰਵਾਉਣ ਦੀ ਪ੍ਰਥਾ ਨੂੰ ਸਮਾਪਤ ਕਰਨ ਲਈ ਬੋਰਡ ਵੱਲੋ ਹੇਠ ਲਿਖੇ ਫੈਸਲੇ ਲਏ ਗਏ:-

**(i) <u>ਸਾਈਕਲ ਸਕੀਮ</u>**

ਬੋਰਡ ਦੀ ਸਾਈਕਲ ਸਕੀਮ ਅਧੀਨ ਬੋਰਡ ਵੱਲੋ ਇਸ ਹੱਦ ਤੱਕ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਕਿ ਲਾਭਪਾਤਰੀ ਉਸਾਰੀ ਕਿਰਤੀਆਂ ਦੇ ਪੰਜਾਬ ਰਾਜ ਵਿੱਚ 9ਵੀਂ ਤੋ 12ਵੀਂ ਕਲਾਸ ਵਿੱਚ ਪੜ੍ਹਦੇ ਬੱਚੇ ਜਿਨ੍ਹਾਂ ਨੇ ਬੋਰਡ ਦੀ ਵਜੀਫਾ ਸਕੀਮ ਦਾ ਲਾਭ ਲਿਆ ਹੋਵੇ, ਨੂੰ ਬੋਰਡ ਵੱਲੋ ਮੁਫ਼ਤ ਸਾਈਕਲ ਦਿੱਤਾ ਜਾਵੇਗਾ, ਲੇਕਿਨ ਲਾਭਪਾਤਰੀ ਵੱਲੋ ਅਜਿਹਾ ਲਾਭ ਲੈਣ ਲਈ ਬੋਰਡ ਨੂੰ ਦਿੱਤੀ ਜਾਣ ਵਾਲੀ ਅਰਜੀ ਨਾਲ ਸਵੈ-ਘੋਸ਼ਣਾ ਪੱਤਰ ਲਗਾਉਣਾ ਪਵੇਗਾ ਕਿ ਉਸ ਵੱਲੋ ਅਜਿਹਾ ਲਾਭ ਪੰਜਾਬ ਸਰਕਾਰ ਦੇ ਕਿਸੇ ਵੀ ਵਿਭਾਗ ਵੱਲੋ ਚਲਾਈ ਜਾ ਰਹੀ ਅਜਿਹੀ ਸਕੀਮ ਤਹਿਤ ਨਾਂ ਤਾਂ ਪਹਿਲਾਂ ਲਿਆ ਹੈ ਅਤੇ ਨਾਂ ਹੀ ਬਾਦ ਵਿੱਚ ਲਵੇਗਾ।

ਬੋਰਡ ਵੱਲੋ ਇਹ ਵੀ ਫੈਸਲਾ ਲਿਆ ਗਿਆ ਕਿ ਜਿਨ੍ਹਾਂ ਬੱਚਿਆਂ ਨੂੰ ਬੋਰਡ ਵੱਲੋ ਸਾਈਕਲ ਦਿੱਤੀ ਜਾਵੇਗੀ, ਉਨ੍ਹਾਂ ਦੀਆਂ ਲਿਸਟਾਂ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਨੂੰ ਭੇਜ਼ ਦਿੱਤੀਆਂ ਜਾਇਆ ਕਰਨ ਤਾਂ ਜ਼ੋ ਲਾਭਪਾਤਰੀ ਉਸਾਰੀ ਕਿਰਤੀ ਇਸ ਸਕੀਮ ਅਧੀਨ ਦੋਹਰਾ ਲਾਭ ਪ੍ਰਾਪਤ ਨਾ ਕਰ ਸਕਣ।

**(ii) <u>ਐਕਸਗ੍ਰੇਸ਼ੀਆਂ ਸਕੀਮ</u>**

ਭਗਤ ਪੂਰਣ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਹੈਲਥ ਕਾਰਡ ਹੋਲਡਰ ਲਾਭਪਾਤਰੀ ਉਸਾਰੀ ਕਿਰਤੀ ਦੀ ਐਕਸੀਡੈਂਟਲ ਮੌਤ ਜਾਂ ਪੂਰਣ (100%) ਅਪੰਗਤਾ ਦੀ ਸੂਰਤ ਵਿੱਚ ਉਸਨੂੰ ਜਾਂ ਉਸਦੇ ਫੈਮਿਲੀ ਮੈਂਬਰ ਨੂੰ ਬੋਰਡ ਦੀ ਐਕਸਗ੍ਰੇਸ਼ੀਆਂ ਸਕੀਮ ਦਾ ਲਾਭ ਨਹੀਂ ਦਿੱਤਾ ਜਾਵੇਗਾ, ਕਿਉਂਕਿ ਅਜਿਹੀ ਸੂਰਤ

ਵਿੱਚ BPSSBY ਅਧੀਨ ਬੀਮਾ ਕੰਪਨੀ ਵੱਲੋ 5.00 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਪ੍ਰਾਵਧਾਨ ਹੈ। ਲੇਕਿਨ ਕੁਦਰਤੀ ਮੌਤ ਅਤੇ ਆਂਸ਼ਕ ਅਪੰਗਤਾ ਹੋਣ ਵੱਜੋ ਰਜਿਸਟਰਡ ਲਾਭਪਾਤਰੀ/ਉਸਦੇ ਫੈਮਿਲੀ ਮੈਂਬਰ ਨੂੰ ਬੋਰਡ ਵੱਲੋ ਐਕਸਗ੍ਰੇਸ਼ੀਆ ਸਕੀਮ ਅਧੀਨ ਪਹਿਲਾਂ ਵਾਂਗ ਬਣਦਾ ਲਾਭ (ਕ੍ਰਮਵਾਰ 3.00 ਲੱਖ ਰੁਪਏ ਅਤੇ ਹਰੇਕ 1% ਅਪੰਗਤਾ ਲਈ 4,000/- ਰੁਪਏ ਜ਼ੋ ਕਿ 4.00 ਲੱਖ ਰੁਪਏ ਤੱਕ ਹੈ) ਦੇਣਾ ਜਾਰੀ ਰਹੇਗਾ।

**(iii) (ੳ)ਪੰਜੀਕ੍ਰਿਤ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ 'ਜਨਰਲ ਸਰਜਰੀ' ਵਾਸਤੇ 20,000/- ਰੁਪਏ ਤੱਕ ਵਿੱਤੀ ਸਹਾਇਤਾ ਸਕੀਮ।**

**(ਅ) ਉਸਾਰੀ ਕੰਮਾਂ ਵਿੱਚ ਲੱਗੇ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਾਸਤੇ ਸਕੀਮ ਵਿੱਚ ਨਿਰਧਾਰਿਤ ਖਤਰਨਾਕ ਬਿਮਾਰਿਆਂ ਦੇ ਇਲਾਜ ਲਈ 1.00 ਲੱਖ ਰੁਪਏ ਤੱਕ ਖਰਚੇ ਦੀ ਪ੍ਰਤੀ-ਪੂਰਤੀ ਬਾਰੇ ਸਕੀਮ।**

ਬੋਰਡ ਵੱਲੋ ਪ੍ਰੇਖਣ ਕੀਤਾ ਗਿਆ ਕਿ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ (BPSSBY) ਅਧੀਨ ਸਾਰੇ ਹੈਲਥ ਕਾਰਡ ਹੋਲਡਰ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ 50,000/- ਰੁਪਏ ਤੱਕ ਸਲਾਨਾ ਮੁਫ਼ਤ ਇਲਾਜ਼ ਬੀਮਾ ਕੰਪਨੀ ਵੱਲੋ ਕਰਵਾਇਆ ਜਾਂਦਾ ਹੈ।

ਬੋਰਡ ਵੱਲੋ ਇਹ ਵੀ ਪ੍ਰੇਖਣ ਕੀਤਾ ਗਿਆ ਕਿ ਸਪਲੀਮੈਂਟਰੀ ਅਜੰਡਾ ਆਈਟਮ ਨੰ: 1 ਰਾਹੀਂ ਬੋਰਡ ਦੀ **ਜਨਰਲ ਸਰਜ਼ਰੀ ਸਕੀਮ** ਅਧੀਨ ਰਾਸ਼ੀ ਨੂੰ 20,000/- ਰੁਪਏ ਤੋ ਵਧਾ ਕੇ 50,000/- ਰੁਪਏ ਕਰ ਦਿੱਤਾ ਗਿਆ ਹੈ ਅਤੇ ਖਤਰਨਾਕ ਬਿਮਾਰੀਆਂ ਦੇ ਇਲਾਜ਼ ਸਬੰਧੀ ਸਕੀਮ ਵਿੱਚ 1.00 ਲੱਖ ਰੁਪਏ ਤੱਕ ਖਰਚੇ ਦੀ ਭਰਪਾਈ ਕਰਨ ਦਾ ਪ੍ਰਾਵਧਾਨ ਹੈ।ਇਸ ਤਰ੍ਹਾਂ ਬੋਰਡ ਦੀ ਜਨਰਲ ਸਰਜਰੀ ਅਤੇ ਖਤਰਨਾਕ ਬਿਮਾਰੀਆਂ ਦੇ ਇਲਾਜ਼ ਸਬੰਧੀ ਖਰਚੇ ਦੀ ਪ੍ਰਤੀਪੂਰਤੀ ਸਕੀਮ ਅਧੀਨ ਲਾਭਪਾਤਰੀ ਨੂੰ ਰੁਪਏ 50,000/- + 1,00,000/- (ਕੁੱਲ 1.50 ਲੱਖ ਰੁਪਏ) ਤੱਕ ਵਿੱਤੀ ਸਹਾਇਤਾ ਦੇਣ ਦਾ ਪ੍ਰਾਵਧਾਨ ਹੈ।ਬੋਰਡ ਵੱਲੋ ਉਪਰੋਕਤ ਦੋਨੋ ਸਕੀਮਾਂ ਵਿੱਚ ਇਸ ਹੱਦ ਤੱਕ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਕਿ **ਉਸਾਰੀ ਲਾਭਪਾਤਰੀ ਜਿਨ੍ਹਾਂ ਦੇ BPSSBY ਅਧੀਨ ਹੈਲਥ ਕਾਰਡ ਬਣ ਚੁੱਕੇ ਹਨ, ਉਹ ਅਪਣਾ ਅਤੇ ਅਪਣੇ ਪਰਿਵਾਰਕ ਮੈਂਬਰ ਦਾ ਇਲਾਜ ਕਰਵਾਉਣ ਲਈ ਪਹਿਲਾਂ ਬੀਮਾ ਕੰਪਨੀ ਵੱਲੋ ਜਾਰੀ ਕੀਤੇ ਗਏ ਹੈਲਥ ਕਾਰਡ ਨੂੰ ਵਰਤਦੇ ਹੋਏ 50,000/- ਰੁਪਏ ਦੀ ਰਾਸ਼ੀ ਦੀ ਵਰਤੋ ਕਰਨਗੇ ਅਤੇ ਜੇਕਰ ਇਹ ਮੈਡੀਕਲ ਖਰਚਾ 50,000/- ਰੁਪਏ ਤੋ ਵੱਧ ਜਾਂਦਾ ਹੈ ਤਾਂ ਬਾਕੀ ਰਾਸ਼ੀ ਉਸਾਰੀ ਕਿਰਤੀਆਂ ਵੱਲੋ ਅਨੁਲੱਗ 'ੳ' ਅਨੁਸਾਰ ਦਿੱਤੇ ਗਏ ਘੋਸ਼ਣਾ ਪੱਤਰ ਵਿੱਚ ਪੂਰੇ ਵੇਰਵੇ ਦਿੰਦੇ ਹੋਏ ਬੋਰਡ ਪਾਸੋ ਕਲੇਮ ਕੀਤੀ ਜਾ ਸਕੇਗੀ। ਬੋਰਡ ਵੱਲੋ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਇਹ ਸਾਰੇ ਕਲੇਮ ਦੀ ਉਪਰਲੀ ਸੀਮਾਂ 1.50 ਲੱਖ ਰੁਪਏ ਤੱਕ ਹੀ ਸੀਮਿਤ ਰਹੇਗੀ, ਜਿਸ ਵਿੱਚ ਬੀਮਾ ਕੰਪਨੀ ਵੱਲੋ 50,000/- ਰੁਪਏ ਤੱਕ ਦਿੱਤਾ ਵਿੱਤੀ ਲਾਭ ਵੀ ਸ਼ਾਮਲ ਹੋਵੇਗਾ।**

ਬੋਰਡ ਵੱਲੋ ਇਸ ਅਜੰਡਾ ਆਈਟਮ ਅਧੀਨ ਉਪਰੋਕਤ ਅਨੁਸਾਰ ਲਏ ਫੈਸਲਿਆਂ ਅਨੁਸਾਰ ਸੋਧੀਆਂ ਸਕੀਮਾਂ ਅਗਲੀ ਯੋਗ ਕਾਰਵਾਈ ਲਈ ਸਰਕੁਲੇਟ ਕਰਨ ਦੀ ਹਦਾਇਤ ਕੀਤੀ ਗਈ।

| | |
|---|---|
| **ਅਜੰਡਾ ਆਈਟਮ**<br>ਨੰ: 5 | **ਮਿਤੀ 1.02.2016 ਤੋ 30.06.2016 ਦੌਰਾਨ ਬੋਰਡ ਦੇ ਆਮਦਨ ਅਤੇ ਖਰਚੇ ਦੀ ਸਥਿਤੀ।** |

ਮੈਂਬਰ ਸਕੱਤਰ ਵੱਲੋ ਮਿਤੀ 1.02.2016 ਤੋ 30.06.2016 ਤੱਕ ਬੋਰਡ ਵੱਲੋ ਉਸਾਰੀ ਕਿਰਤੀਆਂ ਦੀ ਰਜਿਸਟਰੇਸ਼ਨ, ਸੈਸ ਦੀ ਪ੍ਰਾਪਤੀ, ਉਸਾਰੀ ਕਿਰਤੀਆਂ ਦੀ ਰਜਿਸਟਰੇਸ਼ਨ ਅਤੇ ਮੈਂਬਰਸ਼ਿਪ ਕੰਟ੍ਰੀਬਿਊਸ਼ਨ, ਵਿਆਜ਼ ਦੀਆਂ ਪ੍ਰਾਪਤੀਆਂ, ਭਲਾਈ ਸਕੀਮਾਂ ਅਧੀਨ ਖਰਚਾ ਅਤੇ ਪ੍ਰਸ਼ਾਸਕੀ ਖਰਚੇ ਆਦਿ ਸਬੰਧੀ ਵੱਖ-ਵੱਖ ਮੱਦਾਂ ਅਧੀਨ ਬੋਰਡ ਦੀ ਆਮਦਨ ਅਤੇ ਖਰਚਿਆਂ ਦੀ ਸਥਿਤੀ ਬਾਰੇ ਬੋਰਡ ਨੂੰ ਜਾਣੂ ਕਰਵਾਇਆ ਗਿਆ ਅਤੇ ਦੱਸਿਆ ਗਿਆ ਕਿ ਬੋਰਡ ਦੀ ਕਾਰਗੁਜ਼ਾਰੀ ਦਾ ਆਡਿਟ ਹਰ ਸਾਲ ਮਹਾਂਲੇਖਾਕਾਰ ਪੰਜਾਬ ਪਾਸੋ ਕਰਵਾਇਆ ਜਾਂਦਾ ਹੈ, ਜਿਸ ਨਾਲ ਬੋਰਡ ਵੱਲੋ ਸੰਤੁਸ਼ਟੀ ਪ੍ਰਗਟ ਕੀਤੀ ਗਈ।

**ਅਜੰਡਾ ਆਈਟਮ ਨੰ: 6** **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਸਾਲ 2015-16 ਦੀ ਸਲਾਨਾ ਗਤੀਵਿਧੀਆਂ ਬਾਰੇ ਰਿਪੋਟ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵੱਲੋ, ਬੋਰਡ ਦੀ ਸਾਲ 2015-16 ਦੀ ਸਲਾਨਾ ਗਤੀਵਿਧੀਆਂ ਬਾਰੇ ਪੇਸ਼ ਕੀਤੀ ਸਲਾਨਾ ਰਿਪੋਟ **ਅਨੁਲੱਗ 'ੳ'** ਅਨੁਸਾਰ ਪ੍ਰਵਾਨ ਕੀਤੀ ਗਈ।

**ਅਜੰਡਾ ਆਈਟਮ ਨੰ:7** **ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ (BPSSBY) ਅਧੀਨ ਹੈਲਥ ਕਾਰਡ ਵੰਡਣ ਅਤੇ ਲਾਭਪਾਤਰੀਆਂ ਦਾ ਡਾਟਾ ਕੁਲੈਕਟ ਕਰਨ ਲਈ ਬੋਰਡ ਦੇ ਖੇਤਰੀ ਦਫ਼ਤਰਾਂ ਵਿੱਚ ਡਾਟਾ ਐਂਟਰੀ ਅਪਰੇਟਰ ਦੀਆਂ ਅਸਾਮੀਆਂ ਆਊਟਸੋਰਸਿੰਗ ਰਾਹੀਂ ਭਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੌਰਾਨ ਮੈਂਬਰ ਸਕੱਤਰ ਵੱਲੋ ਦੱਸਿਆ ਗਿਆ ਕਿ ਮਿਤੀ 3.05.2016 ਨੂੰ ਮਾਨਯੋਗ ਉੱਪ ਮੁੱਖ ਮੰਤਰੀ ਪੰਜਾਬ ਜੀ ਵੱਲੋ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ (BPSSBY) ਅਧੀਨ ਸਮਾਰਟ ਕਾਰਡ ਜਾਰੀ ਕਰਨ ਬਾਰੇ ਵੱਖ-ਵੱਖ ਵਿਭਾਗਾਂ ਦੀ ਕਾਰਗੁਜ਼ਾਰੀ ਦੀ ਸਮੀਖਿਆਂ ਕੀਤੀ ਗਈ ਸੀ।ਕਿਉਂਕਿ ਪੰਜਾਬ ਬੀ.ਓ.ਸੀ.ਡਬਲਿਯੂ. ਬੋਰਡ ਵੱਲੋ ਵੀ ਅਪਣੇ ਰਜਿਸਟਰਡ ਉਸਾਰੀ ਕਿਰਤੀਆਂ ਲਈ **BPSSBY** ਅਡਾਪਟ ਕੀਤੀ ਹੋਈ ਹੈ, ਇਸ ਲਈ ਬੋਰਡ ਦੇ ਰਜਿਸਟਰਡ ਉਸਾਰੀ ਕਿਰਤੀਆਂ ਨੂੰ ਸਮਾਰਟ ਕਾਰਡ ਵੰਡਣ ਦੇ ਮੁੱਦੇ ਬਾਰੇ ਵੀ ਮੀਟਿੰਗ ਵਿੱਚ ਵਿਚਾਰ ਵਟਾਂਦਰਾਂ ਹੋਇਆ।ਮੀਟਿੰਗ ਵਿੱਚ ਹੋਏ ਵਿਚਾਰ ਵਟਾਂਦਰੇ ਅਨੁਸਾਰ ਕਿਉਂ ਜ਼ੋ ਲਾਭਪਾਤਰੀਆਂ ਨੂੰ ਸਮਾਰਟ ਕਾਰਡ ਵੰਡਣ ਅਤੇ ਉਨ੍ਹਾਂ ਦਾ ਪਰਿਵਾਰਕ ਡਾਟਾ ਇਕੱਤਰ ਕਰਨ ਸਬੰਧੀ ਸਾਰਾ ਕੰਮ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੁਆਰਾ ਨਿਰਧਾਰਿਤ ਅਵੱਧੀ ਵਿੱਚ ਮੁਕੰਮਲ ਕੀਤਾ ਜਾਣਾ ਹੈ, ਇਸ ਲਈ ਮਾਨਯੋਗ ਕਿਰਤ ਮੰਤਰੀ ਜੀ ਦੀ ਪੂਰਵ ਪ੍ਰਵਾਨਗੀ ਨਾਲ ਰਾਜ ਵਿੱਚ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫ਼ਸਰਾਂ ਦੇ 25 ਸਰਕਲਾਂ ਵਿੱਚ 5-5 ਡਾਟਾ ਐਂਟਰੀ ਉਪਰੇਟਰਾਂ ਦੀਆਂ ਅਸਾਮੀਆਂ (ਕੁੱਲ 125 ਅਸਾਮੀਆਂ) ਦੀ 1 ਮਹੀਨੇ ਵਾਸਤੇ ਰਚਨਾ/ਭਰਨ ਦੀ ਪ੍ਰਵਾਨਗੀ ਵਿੱਤ ਵਿਭਾਗ ਪੰਜਾਬ ਪਾਸੋ ਉਨ੍ਹਾਂ ਦੇ ਪੱਤਰ ਅੰ.ਵਿ.ਪ.ਨੰ:2/47/2016-1ਵਿਖ5/467 ਮਿਤੀ 11.05.2016 ਰਾਹੀਂ ਪ੍ਰਾਪਤ ਕੀਤੀ ਗਈ ਸੀ।ਇਨ੍ਹਾਂ ਅਸਾਮੀਆਂ ਲਈ ਯੋਗ ਉਮੀਦਵਾਰ ਆਊਟਸੋਰਸਿੰਗ ਰਾਹੀਂ ਡੀ.ਸੀ. ਰੇਟਾਂ ਤੇ 1 ਮਹੀਨੇ ਵਾਸਤੇ ਉਪਲੱਬਧ ਕਰਵਾਉਣ ਲਈ ਡਿਪਟੀ ਕਮਿਸ਼ਨਰਾਂ ਨੂੰ ਲਿਖਿਆ ਗਿਆ ਸੀ, ਲੇਕਿਨ ਖੇਤਰੀ ਅਧਿਕਾਰੀਆਂ ਤੋ ਪ੍ਰਾਪਤ ਰਿਪੋਟਾਂ ਅਨੁਸਾਰ ਕੋਈ ਵੀ ਵਿਅਕਤੀ 1 ਮਹੀਨੇ ਵਾਸਤੇ ਡੀ.ਸੀ. ਰੇਟ ਤੇ ਕੰਮ ਕਰਨ ਲਈ ਤਿਆਰ ਨਹੀਂ ਹੈ।

ਮੌਕੇ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵੱਲੋ ਸੁਝਾਅ ਦਿੱਤਾ ਗਿਆ ਕਿ ਕਿਉਂ ਜ਼ੋ BPSSBY ਅਧੀਨ ਲਾਭਪਾਤਰੀਆਂ ਨੂੰ ਸਮਾਰਟ ਕਾਰਡ ਵੰਡਣ ਅਤੇ ਲਾਈਵ ਕਿਰਤੀਆਂ / ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਮੁਕੰਮਲ ਡਾਟਾ ਤਿਆਰ ਕਰਨ ਦਾ ਕੰਮ ਨਿਰਧਾਰਿਤ ਸਮੇਂ ਵਿੱਚ ਮੁਕੰਮਲ ਕੀਤਾ ਜਾਣਾ ਹੈ, ਇਸ ਲਈ ਯੋਗ ਹੋਵੇਗਾ ਕਿ ਰਾਜ ਦੇ ਕੁੱਲ 25 ਸਰਕਲਾਂ ਵਿੱਚ ਕੇਵਲ 2-2 ਡਾਟਾ ਐਂਟਰੀ ਅਪਰੇਟਰ 3 ਮਹੀਨੇ ਲਈ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫ਼ਸਰ ਵੱਲੋ ਡੀ.ਸੀ. ਦਫ਼ਤਰ ਨਾਲ ਤਾਲਮੇਲ ਕਰਕੇ ਆਊਟਸੋਰਸਿੰਗ ਏਜੰਸੀ ਰਾਹੀਂ ਉਨ੍ਹਾਂ ਹੀ ਰੇਟਾਂ ਸਮੇਤ ਸਟੈਚੁਟਿਰੀ ਚਾਰਜ਼ਿਜ਼ ਅਤੇ ਏਜੰਸੀ ਦੇ ਕਮਿਸ਼ਨ ਤੇ ਲੈ ਲਏ ਜਾਣ ਜਿਨ੍ਹਾਂ ਰੇਟਾਂ ਤੇ ਡੀ.ਸੀ. ਦਫ਼ਤਰਾਂ ਵਿੱਚ ਡਾਟਾ ਐਂਟਰੀ ਅਪਰੇਟਰ ਲਗਾਏ ਜਾ ਰਹੇ ਹਨ।ਬੋਰਡ ਵੱਲੋ ਮਾਮਲੇ ਤੇ ਵਿਚਾਰ ਕਰਨ ਉਪਰੰਤ ਰਾਜ ਦੇ ਸ.ਕ.ਕ./ਕ.ਸ.ਅ. ਦੇ 25 ਸਰਕਲਾਂ ਲਈ 2-2 ਡਾਟਾ ਐਂਟਰੀ ਅਪਰੇਟਰ (ਕੁੱਲ 50 ਅਸਾਮੀਆਂ) ਦੀ ਰਚਨਾ ਕਰਨ ਅਤੇ ਇਹ ਅਸਾਮੀਆਂ 3 ਮਹੀਨੇ ਦੇ ਸਮੇਂ ਲਈ ਤਜਵੀਜ਼ ਅਨੁਸਾਰ ਭਰਨ ਦੀ ਪ੍ਰਵਾਨਗੀ ਦਿੱਤੀ ਗਈ ਅਤੇ ਨਾਲ ਹੀ ਇਹ ਵੀ ਕਿਹਾ ਕਿ ਨਿਯਮਾਂ ਅਨੁਸਾਰ ਜੇਕਰ ਇਹ ਅਸਾਮੀਆਂ ਭਰਨ ਤੋ ਪਹਿਲਾਂ ਵਿੱਤ ਵਿਭਾਗ ਪੰਜਾਬ ਦੀ ਪ੍ਰਵਾਨਗੀ ਲੋੜ ਹੈ ਤਾਂ ਉਹ ਵੀ ਲੈ ਲਈ ਜਾਵੇ।

**ਅਜੰਡਾ ਆਈਟਮ ਨੰ:8** **ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ਼ (ਔਜ਼ਾਰ) ਖ੍ਰੀਦਣ ਲਈ ਵਿੱਤੀ ਸਹਾਇਤਾ ਦੇਣ ਬਾਰੇ Tool Kit ਸਕੀਮ ਵਿੱਚ ਸੋਧ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵੱਲੋ ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ਼ (ਔਜ਼ਾਰ) ਖ੍ਰੀਦਣ ਲਈ 5,000/- ਰੁਪਏ ਵਿੱਤੀ ਸਹਾਇਤਾ ਹਰ 3 ਸਾਲ ਬਾਅਦ ਦੇਣ ਬਾਰੇ ਸੋਧੀ Tool Kit ਸਕੀਮ **ਅਨੁਲੱਗ 'ੳ'** ਅਨੁਸਾਰ ਪ੍ਰਵਾਨ ਕੀਤੀ ਗਈ।

**ਅਜੰਡਾ ਆਈਟਮ ਨੰ: 9** **ਪੰਜਾਬ ਬੀ.ਓ.ਸੀ.ਡਬਲਿਯੂ. ਬੋਰਡ ਵਿੱਚ ਪੈਸਕੋ ਰਾਹੀਂ ਠੇਕੇ ਤੇ ਨਿਯੁਕਤ ਅਧਿਕਾਰੀਆਂ/ ਕਰਮਚਾਰੀਆਂ ਦੀ ਉਮਰ ਦੀ ਉਪਰਲੀ ਸੀਮਾ ਬਾਰੇ।**

ਇਸ ਅਜੰਡਾ ਆਈਟਮ ਬਾਰੇ ਵਿਚਾਰ ਵਟਾਂਦਰਾਂ ਕੀਤਾ ਗਿਆ ਅਤੇ ਬੋਰਡ ਵਿੱਚ **'ਪੈਸਕੋ'** ਰਾਹੀਂ ਠੇਕੇ ਤੇ ਨਿਯੁਕਤ ਅਧਿਕਾਰੀਆਂ/ ਕਰਮਚਾਰੀਆਂ ਦੀ ਉਮਰ ਦੀ ਉਪਰਲੀ ਸੀਮਾ 65 ਸਾਲ ਨਿਰਧਾਰਿਤ ਕਰਨ ਦਾ ਫੈਸਲਾ ਲਿਆ ਗਿਆ।

**ਅਜੰਡਾ ਆਈਟਮ ਨੰ: 10** **ਬੀ.ਓ.ਸੀ.ਡਬਲਿਯੂ. ਬੋਰਡ ਵੱਲੋ ਰਾਜ ਦੇ ਚਾਰ ਸ਼ਹਿਰਾਂ ਜਲੰਧਰ, ਅੰਮ੍ਰਿਤਸਰ, ਲੁਧਿਆਣਾ ਅਤੇ ਮੁਹਾਲੀ ਵਿਖੇ ਉਸਾਰੇ ਜਾ ਰਹੇ ਸਕਿਲ ਡਿਵੈਲਪਮੈਂਟ ਸੈਂਟਰਾਂ ਦੇ ਨਾਂ ਰੱਖਣ ਸਬੰਧੀ ਪ੍ਰਵਾਨਗੀ ਦੇਣ ਬਾਰੇ।**

ਇਸ ਅਜੰਡਾ ਆਈਟਮ ਬਾਰੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵੱਲੋ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਵਿਖੇ ਉਸਾਰੇ ਜਾ ਰਹੇ ਸਕਿਲ ਡਿਵੈਲਪਮੈਂਟ ਸੈਂਟਰਾਂ ਦੇ ਨਾਂ ਤਜਵੀਜ਼ ਅਨੁਸਾਰ ਹੇਠ ਲਿਖੇ ਅਨੁਸਾਰ ਰੱਖਣ ਦੀ ਕਾਰਜ਼ਬਾਦ ਪ੍ਰਵਾਨਗੀ ਦਿੱਤੀ ਗਈ :-

(1) ਸਤਿਗੁਰੂ ਕਬੀਰ ਸਕਿਲ ਡਿਵੈਲਪਮੈਂਟ ਸੈਂਟਰ, ਜਲੰਧਰ

(2) ਭਗਤ ਪੂਰਨ ਸਿੰਘ ਸਕਿਲ ਡਿਵੈਲਪਮੈਂਟ ਸੈਂਟਰ, ਅੰਮ੍ਰਿਤਸਰ

(3) ਡਾ:ਬੀ.ਆਰ.ਅੰਬੇਦਕਰ ਸਕਿਲ ਡਿਵੈਲਪਮੈਂਟ ਸੈਂਟਰ, ਲੁਧਿਆਣਾ

ਜਿੱਥੋ ਤੱਕ ਬੋਰਡ ਵੱਲੋ ਮੁਹਾਲੀ ਵਿਖੇ ਉਸਾਰੇ ਜਾ ਰਹੇ ਸਕਿਲ ਡਿਵੈਲਪਮੈਂਟ ਸੈਂਟਰ ਦਾ ਨਾਂ ਰੱਖਣ ਦਾ ਸਬੰਧ ਹੈ, ਇਸ ਬਾਰੇ ਬੋਰਡ ਵੱਲੋ ਕਿਹਾ ਗਿਆ ਕਿ ਕਿਉਂ ਜ਼ੋ ਕਿਰਤ ਤੇ ਰੋਜ਼ਗਾਰ ਮੰਤਰਾਲਯ ਭਾਰਤ ਸਰਕਾਰ ਵੱਲੋ ਪੱਤਰ ਮਿਤੀ 7.06.2016 ਰਾਹੀਂ ਜਾਰੀ ਕੀਤੀਆਂ directions ਅਨੁਸਾਰ ਅਜਿਹੀਆਂ ਬਿਲਡਿੰਗਾਂ ਦੀ ਉਸਾਰੀ ਤੇ ਖਰਚਾ ਕਰਨ ਦੀ ਮਨਾਹੀ ਕੀਤੀ ਗਈ ਹੈ, ਇਸ ਲਈ ਇਸ ਮੀਟਿੰਗ ਦੇ ਅਜੰਡਾ ਨੰ: 3 ਵਿੱਚ ਬੋਰਡ ਵੱਲੋ ਲਏ ਫੈਸਲੇ ਅਨੁਸਾਰ ਕੇਂਦਰ ਸਰਕਾਰ ਪਾਸੋ ਇਸ ਸਬੰਧੀ clarification ਪ੍ਰਾਪਤ ਹੋਣ ਤੱਕ ਮੁਹਾਲੀ ਸੈਂਟਰ ਦਾ ਨਾਂ ਰੱਖਣ ਅਤੇ ਨੀਂਹ ਪੱਥਰ ਰੱਖਣ ਦੀ ਪ੍ਰਕਿਰਿਆ ਲੰਬਿਤ ਰੱਖੀ ਜਾਵੇ।

**ਅਜੰਡਾ ਆਈਟਮ ਨੰ: 11**
**(A) ਪੰਜਾਬ ਬੀ.ਓ.ਸੀ.ਡਬਲਿਯੂ. ਬੋਰਡ ਦੇ ਕੰਮਕਾਜ ਨੂੰ ਆਨ ਲਾਈਨ ਕਰਨ ਬਾਰੇ।**
**(B) Ease of doing business ਦੇ ਸਬੰਧ ਵਿੱਚ ਬੋਰਡ ਦੀ ਕੰਪਿਊਟ੍ਰਾਈਜ਼ੇਸ਼ਨ ਸਬੰਧੀ ਬਣਾਏ ਗਏ ਸਾਫਟਵੇਅਰ ਵਿੱਚ add on features ਕਰਵਾਉਣ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੌਰਾਨ ਮੈਂਬਰ ਸਕੱਤਰ ਵੱਲੋ ਬੋਰਡ ਨੂੰ ਜਾਣੂ ਕਰਵਾਇਆ ਗਿਆ ਕਿ ਬੋਰਡ ਵੱਲੋ M/s We Excel Software Company ਪਾਸੋ ਬੋਰਡ ਦਾ ਸਾਰਾ ਕੰਮ ਆਨਲਾਈਨ ਕਰਨ ਲਈ ਸੋਫਟਵੇਅਰ ਤਿਆਰ ਕਰਵਾਇਆ ਗਿਆ ਹੈ।ਇਸ ਪੋਰਟਲ ਵਿੱਚ ਬੀ.ਓ.ਸੀ.ਡਬਲਿਯੂ. ਐਕਟ, 1996 ਦੀ ਧਾਰਾ 7 ਮੁਤਾਬਕ ਉਸਾਰੀ ਅਦਾਰਿਆਂ ਦੀ ਆਨਲਾਈਨ ਰਜਿਸਟਰੇਸ਼ਨ, ਆਨਲਾਈਨ ਸੈਸ ਕੁਲੈਕਸ਼ਨ, ਅਦਾਰਿਆਂ ਦੀ

ਅਸੈਸਮੈਂਟ, ਉਸਾਰੀ ਕਿਰਤੀਆਂ ਨੂੰ ਭਲਾਈ ਸਕੀਮਾਂ ਅਧੀਨ ਆਨਲਾਈਨ ਐਪਲੀਕੇਸ਼ਨ ਸਬੰਧੀ ਉਪਬੰਧ ਕੀਤੇ ਹੋਏ ਹਨ।

ਮੈਂਬਰ ਸਕੱਤਰ ਵੱਲੋ ਇਹ ਵੀ ਦੱਸਿਆ ਗਿਆ ਕਿ ਬੀ.ਓ.ਸੀ.ਡਬਲਿਊ. ਐਕਟ, 1996 ਅਧੀਨ ਫੈਕਟਰੀ/ਅਦਾਰੇ ਨਾਲ ਸਬੰਧਤ ਜ਼ੋ ਮੁੱਦੇ Ease of doing business ਵਿੱਚ ਕਵਰ ਹਨ, ਵੀ ਇਸ ਸਾਫਟਵੇਅਰ ਵਿੱਚ ਸ਼ਾਮਲ ਕਰਨੇ ਬਣਦੇ ਹਨ ਅਤੇ ਇਨ੍ਹਾਂ ਮੁੱਦਿਆਂ ਸਬੰਧੀ add on features ਬੋਰਡ ਦੇ ਵੈਬ ਪੋਰਟਲ ਵਿੱਚ ਇੰਮਪਲੀਮੈਂਟ ਕਰਵਾਉਣ ਦੀ ਲੋੜ ਹੈ। ਇਸ ਸਬੰਧੀ ਬੋਰਡ ਦੇ ਐਪਲੀਕੇਸ਼ਨ ਵੈਂਡਰ M/s We Excel Software Company ਨਾਲ ਮਿਤੀ 7.06.2016 ਨੂੰ ਇੱਕ ਮੀਟਿੰਗ ਕੀਤੀ ਗਈ ਜਿਸ ਵਿੱਚ ਸਾਰੇ ਮੁੱਦਿਆਂ ਬਾਰੇ ਵਿਚਾਰ ਵਟਾਂਦਰਾਂ ਹੋਇਆ। ਕੰਪਨੀ ਵੱਲੋ ਅਪਣੀ ਈ.ਮੇਲ ਮਿਤੀ 9.06.2016 ਰਾਹੀਂ ਇਸ ਵਾਧੂ ਕੰਮ ਲਈ 5,50,000/- + Service Tax ਚਾਰਜਿਜ਼ ਮੰਗੇ ਗਏ ਹਨ।ਇਸੇ ਕੰਪਨੀ ਵੱਲੋ Hartron ਦੀ ਐਪਲੀਕੇਸ਼ਨ ਵੀ ਬਣਾਈ ਜਾ ਰਹੀ ਹੈ ਅਤੇ ਜ਼ੋ ਰੇਟ ਉਨ੍ਹਾਂ ਨੂੰ quote ਕੀਤੇ ਗਏ ਹਨ, ਉਹ ਹੀ ਰੇਟ ਇਸ ਕੰਮ ਦੇ ਬੋਰਡ ਨੂੰ quote ਕੀਤੇ ਗਏ ਹਨ।ਕਿਉਂਕਿ ਇਸ ਐਡੀਸ਼ਨਲ ਕੰਮ ਵਿੱਚ ਬੋਰਡ ਦੇ ਬਣਾਏ ਗਏ ਵੈਬ ਪੋਰਟਲ ਵਿੱਚ ਐਡੀਸ਼ਨਲ ਫੀਚਰਜ਼ add on ਕਰਨੇ ਭਾਵ ਸੋਫਟਵੇਅਰ ਵਿੱਚ ਲਗਾਈਆਂ ਗਈਆਂ validations, checks ਆਦਿ ਦੁਬਾਰਾ ਤੋ ਲਗਾਉਣੇ ਪੈਣਗੇ ਅਤੇ ਐਡੀਸ਼ਨਲ add on ਦੀ ਪ੍ਰੋਪਰ implementation ਅਤੇ ਸਾਰੇ ਸਾਫਟਵੇਅਰ ਦੀ ਦੁਬਾਰਾ testing ਤੋ ਬਾਅਦ ਹੀ ਸਾਫਟਵੇਅਰ ਮੁਕੰਮਲ ਰੂਪ ਵਿੱਚ ਕੰਪਲੀਟ ਹੋਵੇਗਾ।

ਮੈਂਬਰ ਸਕੱਤਰ ਵੱਲੋ ਅੱਗੇ ਦੱਸਿਆ ਗਿਆ ਕਿ M/s We Excel Software Company ਵੱਲੋ ਬੋਰਡ ਨਾਲ ਪਿਛਲੇ ਕੀਤੇ ਐਗਰੀਮੈਂਟ ਮੁਤਾਬਕ 3,25,000/- ਰੁਪਏ ਪ੍ਰਤੀ ਸਾਲ ਦੇ ਹਿਸਾਬ ਨਾਲ ਏ.ਐਮ.ਸੀ. ਦੀ ਮਿਆਦ ਕੇਵਲ 1 ਸਾਲ ਦੀ ਸੀ ਜ਼ੋ ਕਿ 30.01.2014 ਨੂੰ ਖਤਮ ਹੋ ਚੁੱਕੀ ਸੀ।ਮੈਂਬਰ ਸਕੱਤਰ ਵੱਲੋ ਦੱਸਿਆ ਗਿਆ ਕਿ ਜਦੋ ਤੱਕ ਇਹ ਸਾਫਟਵੇਅਰ ਪੂਰੀ ਤਰ੍ਹਾਂ operational ਭਾਵ online registration of workers, online registration of establishments, flow of cess, assessment, third party verification, MIS report generation, linking with UIDS, ਆਦਿ ਦੇ ਮੁੱਦੇ ਸਾਰੇ ਫੀਲਡ ਅਧਿਕਾਰੀਆਂ ਵੱਲੋ ਪੂਰੀ ਤਰ੍ਹਾਂ ਵਰਤੋ ਵਿੱਚ ਨਹੀਂ ਲਿਆਏ ਜਾਂਦੇ, ਉਤਨੀ ਦੇਰ ਤੱਕ ਏ.ਐਮ.ਸੀ. ਚਾਲੂ ਰੱਖ਼ਣੀ ਜਰੂਰੀ ਹੈ।ਮੈਂਬਰ ਸਕੱਤਰ ਵੱਲੋ ਦੱਸਿਆ ਗਿਆ ਕਿ ਵੈਬ ਪੋਰਟਲ ਵਿੱਚ addon implementation ਅਤੇ ਪਹਿਲਾਂ ਤੈਅ ਹੋਏ ਸਲਾਨਾ ਰੇਟ ਅਨੁਸਾਰ ਏ.ਐਮ.ਸੀ ਮੈਸ: ਵੀ ਐਕਸ.ਐਲ ਸੋਫਟਵੇਅਰ ਪਾਸੋ ਕਰਵਾਉਣ ਲਈ ਮਾਨਯੋਗ ਕਿਰਤ ਮੰਤਰੀ ਜੀ ਪਾਸੋ ਪੂਰਵ ਪ੍ਰਵਾਨਗੀ ਵੀ ਪ੍ਰਾਪਤ ਕੀਤੀ ਜਾ ਚੁੱਕੀ ਹੈ, ਜਿਸ ਬਾਰੇ ਬੋਰਡ ਦੀ ਕਾਰਜਬਾਦ ਪ੍ਰਵਾਨਗੀ ਲਈ ਜਾਣੀ ਹੈ।ਬੋਰਡ ਵੱਲੋ ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਤਜਵੀਜ਼ ਅਨੁਸਾਰ ਕਾਰਜਬਾਦ ਪ੍ਰਵਾਨਗੀ ਦਿੱਤੀ ਗਈ।

**ਸਪਲੀਮੈਂਟਰੀ ਅਜੰਡਾ ਆਈਟਮ ਨੰ: 1** **ਬੋਰਡ ਵੱਲੋ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਵਿੱਚ ਸੋਧਾਂ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵੱਲੋ ਭਲਾਈ ਸਕੀਮਾਂ ਵਿੱਚ ਸੋਧਾਂ ਕਰਨ ਲਈ ਹੇਠ ਲਿਖੇ ਅਨੁਸਾਰ ਪ੍ਰਵਾਨਗੀ ਦਿੱਤੀ ਗਈ :-

**(ੳ) ਪੰਜੀਕ੍ਰਿਤ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਜਨਰਲ ਸਰਜਰੀ ਵਾਸਤੇ ਵਿੱਤੀ ਸਹਾਇਤਾ ਸਕੀਮ:**

ਇਸ ਸਕੀਮ ਅਧੀਨ ਤਜਵੀਜ਼ ਅਨੁਸਾਰ ਸੋਧ ਕਰਦੇ ਹੋਏ ਬੋਰਡ ਵੱਲੋ ਪੰਜੀਕ੍ਰਿਤ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਜਨਰਲ ਸਰਜਰੀ ਵਾਸਤੇ **20,000/- ਰੁਪਏ ਦੀ ਰਾਸ਼ੀ ਨੂੰ ਵਧਾ ਕੇ 50,000/-ਰੁਪਏ** ਕਰਨ ਦੀ ਪ੍ਰਵਾਨਗੀ ਦਿੱਤੀ ਗਈ ਅਤੇ ਕਿਹਾ ਕਿ ਸਕੀਮ ਦੀਆਂ ਬਾਕੀ ਸ਼ਰਤਾਂ ਪਹਿਲਾਂ ਵਾਂਗ ਹੀ ਰਹਿਣਗੀਆਂ।

(ਅ) **ਬੀ.ਓ.ਸੀ.ਡਬਲਿਯੂ. ਬੋਰਡ ਦੇ ਲਾਭਪਾਤਰੀਆਂ ਲਈ ਪੈਨਸ਼ਨ ਸਕੀਮ:**

ਬੋਰਡ ਵੱਲੋ ਮੌਜੂਦਾ ਪੈਨਸ਼ਨ ਸਕੀਮ ਵਿੱਚ ਸੋਧ ਕਰਦੇ ਹੋਏ ਤਜਵੀਜ਼ ਅਨੁਸਾਰ ਹਰ ਇੱਕ ਲਾਭਪਾਤਰੀ ਉਸਾਰੀ ਕਿਰਤੀ ਨੂੰ **60 ਸਾਲ ਦੀ ਉਮਰ ਅਤੇ 3 ਸਾਲ ਦੀ ਮੈਂਬਰਸ਼ਿਪ ਪੂਰੀ ਕਰਨ ਉਪਰੰਤ 2,000/- ਰੁਪਏ ਪ੍ਰਤੀ ਮਹੀਨਾ ਉੱਕਾ-ਪੁੱਕਾ ਪੈਨਸ਼ਨ ਦੇਣ ਦੀ ਪ੍ਰਵਾਨਗੀ ਦਿੱਤੀ ਗਈ ਅਤੇ ਇਸੇ ਅਧਾਰ ਤੇ ਫੈਮਿਲੀ ਪੈਨਸ਼ਨ 1,000/- ਰੁਪਏ ਪ੍ਰਤੀ ਮਹੀਨਾ ਉੱਕਾ-ਪੁੱਕਾ ਕਰਨ ਦੀ ਵੀ ਪ੍ਰਵਾਲਗੀ ਦਿੱਤੀ ਗਈ ਅਤੇ ਕਿਹਾ ਗਿਆ ਕਿ** ਸਕੀਮ ਦੀਆਂ ਬਾਕੀ ਸ਼ਰਤਾਂ ਪਹਿਲਾਂ ਵਾਂਗ ਹੀ ਰਹਿਣਗੀਆਂ।

ਉਪਰੋਕਤ ਸੋਧਾਂ ਬੋਰਡ ਦੀ ਮੀਟਿੰਗ ਦੀ ਮਿਤੀ ਤੋ ਲਾਗੂ ਹੋਈਆਂ ਸਮਝੀਆਂ ਜਾਣਗੀਆਂ।

**ਸਪਲੀਮੈਂਟਰੀ ਅਜੰਡਾ ਆਈਟਮ ਨੰ:2** — **ਬੋਰਡ ਦੀ ਚਲ ਰਹੀ ਸਾਈਕਲ ਸਕੀਮ ਵਿਚ ਸੋਧ ਕਰਨ ਬਾਰੇ।**

ਬੋਰਡ ਵੱਲੋ ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾਂ ਕਰਨ ਉਪਰੰਤ ਬੋਰਡ ਦੀ ਪਹਿਲਾਂ ਚੱਲ ਰਹੀ ਸਾਈਕਲ ਸਕੀਮ ਵਿੱਚ ਇਸ ਹੱਦ ਤੱਕ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਕਿ **ਬੋਰਡ ਦੇ ਲਾਭਪਾਤਰੀਆਂ ਨੂੰ ਅਪਣੇ ਇਸਤੇਮਾਲ ਲਈ ਹਰੇਕ 5 ਸਾਲ ਬਾਅਦ ਮੁਫ਼ਤ ਸਾਈਕਲ ਬੋਰਡ ਵੱਲੋ ਮੁਹੱਈਆਂ ਕਰਵਾਇਆ ਜਾਵੇਗਾ ਅਤੇ ਸਕੀਮ ਦੀਆਂ ਬਾਕੀ ਸ਼ਰਤਾਂ ਪਹਿਲਾਂ ਵਾਂਗ ਹੀ ਰਹਿਣਗੀਆਂ।**

**ਸਪਲੀਮੈਂਟਰੀ ਅਜੰਡਾ ਆਈਟਮ ਨੰ: 3** — **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਬੋਰਡ ਵਲੋਂ ਬੋਰਡ ਦੇ ਲਾਭਪਾਤਰੀਆਂ ਦੀ ਲੜਕੀ ਦੇ ਜਨਮ ਸਮੇਂ 51000/- ਰੁਪਏ ਦੀ ਫਿਕਸ ਰਾਸ਼ੀ ਜਮ੍ਹਾਂ ਕਰਵਾਣ ਬਾਰੇ।**

ਇਸ ਅਜੰਡਾ ਆਈਟਮ ਬਾਰੇ ਵਿਚਾਰ ਵਟਾਂਦਰੇ ਦੌਰਾਨ ਮੈਂਬਰ ਸਾਹਿਬਾਨ ਵੱਲੋ ਦਲੀਲ ਦਿੱਤੀ ਗਈ ਕਿ ਲਾਭਪਾਰਤੀ ਉਸਾਰੀ ਕਿਰਤੀਆਂ ਦੇ ਪਰਿਵਾਰਾਂ ਵਿੱਚ ਭਰੂਣ ਹੱਤਿਆਂ ਦੀ ਰਵਾਇਤ ਨੂੰ ਸਮਾਪਤ ਕਰਨ ਲਈ ਇਸ ਸਕੀਮ ਦਾ ਨਾਂਅ **'ਬਾਲੜੀ ਤੋਹਫਾ ਸਕੀਮ'** ਦੀ ਬਜਾਏ **'ਬਾਲੜੀ ਜਨਮ ਤੋਹਫਾ ਸਕੀਮ'** ਰੱਖਣਾ ਬੇਹਤਰ ਹੋਵੇਗਾ, ਜਿਸ ਨਾਲ ਬੋਰਡ ਵੱਲੋ ਸਹਿਮਤੀ ਪ੍ਰਗਟ ਕਰਦੇ ਹੋਏ **ਅਨੁਲੱਗ 'ਅ'** ਅਨੁਸਾਰ ਸਮੁੱਚੀ ਸਕੀਮ ਪ੍ਰਵਾਨ ਕੀਤੀ ਗਈ ।

**ਸਪਲੀਮੈਂਟਰੀ ਅਜੰਡਾ ਨੰ: 4** — **ਲਾਭਪਾਤਰੀ ਉਸਾਰੀ ਕਿਰਤੀਆਂ ਲਈ ਅੰਸ਼ਦਾਨ ਦੀ ਰਾਸ਼ੀ ਵਿੱਚ ਸੋਧ ਆਈਟਮ ਬਾਰੇ।**

ਮੈਂਬਰ ਸਕੱਤਰ ਵੱਲੋ ਦੱਸਿਆ ਗਿਆ ਕਿ ਪੰਜਾਬ ਬੀ.ਓ.ਸੀ.ਡਬਲਿਯੂ.ਬੋਰਡ ਵੱਲੋ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੇ ਨਿਵਾਸ ਸਥਾਨ ਤੇ ਮਿਤੀ 18.07.2016 ਨੂੰ ਇੱਕ ਉੱਚ-ਪੱਧਰੀ ਮੀਟਿੰਗ ਬੁਲਾਈ ਗਈ ਸੀ, ਜਿਸ ਵਿੱਚ ਪ੍ਰਮੁੱਖ ਸਕੱਤਰ ਟੂ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਤੋ ਇਲਾਵਾ ਕਿਰਤ ਵਿਭਾਗ ਦੇ ਅਧਿਕਾਰੀਆਂ ਵੱਲੋ ਭਾਗ ਲਿਆ ਗਿਆ।ਇਸ ਮੀਟਿੰਗ ਵਿੱਚ ਪ੍ਰਮੁੱਖ ਸਕੱਤਰ ਟੂ ਮਾਨਯੋਗ ਮੁੱਖ ਮੰਤਰੀ ਜੀ ਵੱਲੋ ਚਾਹਿਆ ਗਿਆ ਕਿ ਮੌਜੂਦਾ ਸਮੇਂ ਲਾਭਪਾਤਰੀ ਲਈ ਸਰਕਾਰ ਵੱਲੋ ਜੋ 10/- ਰੁਪਏ ਪ੍ਰਤੀ ਮਹੀਨਾ ਅੰਸ਼ਦਾਨ ਦੀ ਰਾਸ਼ੀ ਨਿਰਧਾਰਤ ਕੀਤੀ ਹੋਈ ਹੈ, ਉਸਨੂੰ ਘਟਾ ਕੇ 1/- ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ।

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਮੈਂਬਰ ਸਾਹਿਬਾਨ ਵੱਲੋ ਇਸ ਗੱਲ ਤੇ ਸਹਿਮਤੀ ਪ੍ਰਗਟ ਕੀਤੀ ਗਈ ਕਿ ਕਿਉਂ ਜੋ ਪੰਜਾਬ ਬੀ.ਓ.ਸੀ.ਡਬਲਿਯੂ. ਰੂਲਜ਼ 2008 ਵਿੱਚ ਲੋੜੀਂਦੀ ਸੋਧ ਕਰਨ ਲਈ ਅਧਿਕਾਰ ਸਰਕਾਰ ਪਾਸ ਹਨ, ਇਸ ਲਈ ਉਸਾਰੀ ਕਿਰਤੀਆਂ ਲਈ ਅੰਸ਼ਦਾਨ ਦੀ ਰਾਸ਼ੀ ਘਟਾਉਣ ਵਾਸਤੇ ਰੂਲਾਂ ਵਿੱਚ ਲੋੜੀਂਦੀ ਸੋਧ ਕਰਨ ਲਈ ਬੋਰਡ ਵੱਲੋ ਸਰਕਾਰ ਨੂੰ ਸਿਫਾਰਿਸ਼ ਕਰ ਦਿੱਤੀ ਜਾਵੇ।

**ਜਨਰਲ**

ਪ੍ਰਮੁੱਖ ਸਕੱਤਰ ਕਿਰਤ ਜੀ ਵੱਲੋ ਇੰਪਲਾਇਰ ਅਤੇ ਇੰਪਲਾਈਜ਼ ਦੇ ਮੈਂਬਰਾਂ/ਪ੍ਰਤੀਨਿਧਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਗਿਆ ਕਿ ਸਰਕਾਰ/ਬੋਰਡ ਵੱਲੋ ਲਾਭਪਾਤਰੀ ਉਸਾਰੀ ਕਿਰਤੀਆਂ ਦੀਆਂ ਜਰੂਰਤਾਂ ਅਤੇ ਉਨ੍ਹਾਂ ਦੇ ਰਹਿਣ-ਸਹਿਣ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਉਦੇਸ਼ ਨਾਲ ਬੀ.ਓ.ਸੀ.ਡਬਲਿਯੂ. ਐਕਟ, 1996 ਵਿੱਚ ਦਰਜ ਉਪਬੰਧਾਂ ਨੂੰ ਮੁੱਖ ਰੱਖਦੇ ਹੋਏ ਸਮੇਂ-ਸਮੇਂ ਸਿਰ ਯੋਗ ਅਤੇ ਵਧੀਆਂ ਭਲਾਈ ਸਕੀਮਾਂ ਬਨਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ।ਫਿਰ ਵੀ ਕਿਉਂ ਜੋ ਇੰਪਲਾਇਰ/ਇੰਪਲਾਈਜ਼ ਦੇ ਪ੍ਰਤੀਨਿਧਾਂ ਦਾ ਰਾਬਤਾ ਸਿੱਧਾ ਕਿਰਤੀਆਂ ਨਾਲ ਜੁੜਿਆਂ ਹੁੰਦਾ ਹੈ, ਇਸ ਲਈ ਉਹ ਉਸਾਰੀ ਕਿਰਤੀਆਂ ਦੀਆਂ ਜਰੂਰਤਾਂ ਨੂੰ ਮੁੱਖ ਰੱਖਦੇ ਹੋਏ ਕਾਨੂੰਨ ਦੇ ਦਾਇਰੇ ਵਿੱਚ ਰਹਿੰਦੇ ਹੋਏ ਹੋਰ ਸਕੀਮਾਂ ਤਿਆਰ ਕਰਨ ਲਈ ਬੋਰਡ ਨੂੰ ਅਪਣੇ ਸੁਝਾਅ ਭੇਜ਼ ਸਕਦੇ ਹਨ।ਜਿਸ ਬਾਰੇ ਮੈਂਬਰ ਸਾਹਿਬਾਨ ਵੱਲੋ ਲੋੜੀਂਦੀ ਕਾਰਵਾਈ ਕਰਨ ਦਾ ਆਸ਼ਵਾਸਨ ਦਵਾਇਆ ਗਿਆ।

ਮੀਟਿੰਗ ਦੇ ਅੰਤ ਵਿੱਚ ਸਕੱਤਰ ਬੋਰਡ ਜੀ ਵੱਲੋ ਨਵੇਂ ਬਣੇ ਬੋਰਡ ਦੀ ਪਹਿਲੀ ਮੀਟਿੰਗ ਵਿੱਚ ਮੈਂਬਰ ਸਾਹਿਬਾਨ ਵੱਲੋ ਭਾਗ ਲੈਣ ਪ੍ਰਤੀ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ ਅਤੇ ਆਸ ਪ੍ਰਗਟ ਕੀਤੀ ਗਈ ਕਿ ਉਹ ਉਸਾਰੀ ਕਿਰਤੀਆਂ ਨਾਲ ਸਿੱਧੇ ਜੁੜੇ ਹੋਣ ਕਾਰਣ, ਕਿਰਤੀਆਂ ਦੀ ਬਿਹਤਰੀ ਵਾਸਤੇ ਅਪਣੇ ਸੁਝਾਅ ਬੋਰਡ ਨੂੰ ਭੇਜਣਗੇ ਤਾਂ ਜ਼ੋ ਬੋਰਡ ਵੱਲੋ ਲਾਭਪਾਤਰੀਆਂ ਲਈ ਹੋਰ ਲਾਹੇਵੰਦ ਸਕੀਮਾਂ ਬਣਾਈਆਂ ਜਾ ਸਕਣ।

ਮੈਂਬਰ ਸਕੱਤਰ ਵੱਲੋ ਮਾਨਯੋਗ ਕਿਰਤ ਮੰਤਰੀ-ਕਮ-ਚੈਅਰਮੈਨ ਬੋਰਡ ਜੀ ਦੇ ਧੰਨਵਾਦ ਦੇ ਮਤੇ ਨਾਲ ਮੀਟਿੰਗ ਸਮਾਪਤ ਹੋਈ।

ਅਨੁਲੱਗ 'ੳ'

# ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ (ਔਜਾਰ) ਖਰੀਦਣ ਲਈ ਵਿਤੀ ਸਹਾਇਤਾ ਦੇਣ ਬਾਰੇ ਸੋਧੀ Tool Kit ਸਕੀਮ

ਇਸ ਸਕੀਮ ਅਧੀਨ ਪੰਜੀਕ੍ਰਿਤ ਉਸਾਰੀ ਕਿਰਤੀ ਨੂੰ ਟੂਲਜ (ਔਜਾਰ) ਖਰੀਦਣ ਲਈ 5000/- ਰੁਪਏ ਤੱਕ ਦੀ ਵਿਤੀ ਸਹਾਇਤਾ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨ ਤੇ ਦਿਤੀ ਜਾਵੇਗੀ:-

(1) ਉਸਾਰੀ ਕਿਰਤੀ ਬੋਰਡ ਦੇ 'ਲਾਭਪਾਤਰੀ' ਵਜੋਂ ਰਜਿਸਟਰ ਹੋਇਆ ਹੋਵੇ।

(2) ਲਾਭਪਾਤਰੀ ਉਸਾਰੀ ਕਿਰਤੀ ਅਪਣੀ ਅੰਸ਼ਦਾਨ ਦੀ ਰਕਮ ਲਗਾਤਾਰ ਜਮਾਂ ਕਰਵਾ ਰਿਹਾ ਹੋਵੇ।

(3) ਲਾਭਪਾਤਰੀ ਨੂੰ ਇਸ ਸਕੀਮ ਅਧੀਨ ਟੂਲਜ ਦੀ ਖਰੀਦ ਲਈ ਵਿਤੀ ਸਹਾਇਤਾ, ਉਸ ਵਲੋਂ ਟੂਲਜ਼ ਖਰੀਦਣ ਉਪਰੰਤ ਦਿਤੀ ਜਾਵੇਗੀ।

(4) ਇਸ ਸਕੀਮ ਅਧੀਨ ਪਹਿਲੀ ਵਾਰ ਵਿਤੀ ਸਹਾਇਤਾ ਦਾ ਲਾਭ ਸਿਰਫ ਉਨ੍ਹਾਂ ਲਾਭਪਾਤਰੀਆਂ ਨੂੰ ਹੀ ਦਿਤਾ ਜਾਵੇਗਾ ਜੋ ਬੋਰਡ ਦੀ ਸਕਿਲ ਡਿਵੈਲਪਮੈਂਟ ਸਕੀਮ ਅਧੀਨ ਸਕਿਲ ਅਪਗ੍ਰੇਡੇਸ਼ਨ ਜਾਂ RPL ਸਕੀਮ ਅਧੀਨ ਟ੍ਰੇਨਿੰਗ ਪ੍ਰਾਪਤ ਕਰ ਚੁਕੇ ਹੋਣਗੇ ਜਿਸਦਾ ਸਬੂਤ ਅਰਜੀ ਨਾਲ ਲਾਉਣਾ ਜਰੂਰੀ ਹੋਵੇਗਾ। ਜਿਹੜਾ ਲਾਭਪਾਤਰੀ ਇਕ ਵਾਰ ਬੋਰਡ ਪਾਸੋਂ ਵਿਤੀ ਸਹਾਇਤਾ ਪ੍ਰਾਪਤ ਕਰ ਲੈਂਦਾ ਹੈ, ਉਹ ਇਸ ਮੰਤਵ ਲਈ ਹਰ ਤਿੰਨ ਸਾਲ ਬਾਅਦ ਇਹ ਲਾਭ ਲੈ ਸਕਦਾ ਹੈ।

(5) ਲਾਭਪਾਤਰੀ ਵਲੋਂ ਜਿਸ ਕਿੱਤੇ ਦੀ ਟ੍ਰੇਨਿੰਗ ਲਈ ਹੋਵੇ, ਉਸੀ ਕਿੱਤੇ ਨਾਲ ਸਬੰਧਤ ਔਜਾਰ ਜਿਵੇਂ ਕਿ ਹਥੋੜਾ, ਟੇਸੀ-ਕਾਂਡੀ, ਆਰੀ, ਹੈਲਮਟ, ਸੇਫਟੀ-ਸੂਜ਼, ਡਰਿਲ, ਰੰਦਾ, ਰੇਨ-ਕੋਟ ਆਦਿ ਖਰੀਦਣ ਲਈ ਵੱਧ ਤੋਂ ਵੱਧ 5000/- ਰੁ. ਤੱਕ ਦੀ ਰਾਸ਼ੀ ਵਿੱਤੀ ਸਹਾਇਤਾ ਵਜੋਂ ਦਿਤੀ ਜਾਵੇਗੀ। ਲਾਭਪਾਤਰੀ ਨੂੰ ਔਜਾਰ ਦੇ ਬਿਲਾਂ ਦੀ ਅਸਲ ਰਸੀਦ ਨਾਲ ਲਗਾਉਣੀ ਜਰੂਰੀ ਹੋਵੇਗੀ।

ਇਸ ਸਕੀਮ ਅਧੀਨ ਅਰਜੀ ਤੇ ਹੋਰ ਭਲਾਈ ਸਕੀਮਾਂ ਵਾਂਗ ਸਬ-ਡਵੀਜਨ ਪੱਧਰ ਤੇ ਬਣੀ ਕਮੇਟੀ ਦੀ ਪੜਚੋਲ ਉਪਰੰਤ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਸਬੰਧਤ ਅਧਿਕਾਰੀ ਵਲੋਂ ਪੈਸਿਆਂ ਦੀ ਮੰਗ ਕਰਨ ਤੇ ਬੋਰਡ ਵਲੋਂ ਅਦਾਇਗੀ ਲਈ ਰਕਮ ਲਾਭਪਾਤਰੀ ਦੇ ਖਾਤੇ ਵਿਚ **ਆਰ.ਟੀ.ਜੀ.ਐਸ.** ਰਾਹੀਂ ਪਾਈ ਜਾਵੇ।